Vide R.N.I. No. Pun-Pun 2002/8323

ASR/0001/2024/26

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

D.O.P. 15 March 2025

ਅੰਕ: 162

ਭਾਈ ਨੰਦ ਲਾਲ ਜੀ ਦੀ ਰਸਨਾ ਤੋਂ, ਕਲਮ ਤੋਂ ਦਸ ਪਾਤਿਸ਼ਾਹੀਆਂ ਦੀ ਉਸਤਤਿ

ਅੰਦਰ ਪੜ੍ਹੋ ਜੀ









ਸਮੂਹ ਸੰਗਤਾਂ ਨੂੰ ਹੋਲੇ ਮੱਹਲੇ ਦੀਆਂ ਲੱਖ ਲੱਖ ਵਧਾਈਆਂ

# ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਸਿਲਾਈ ਕਢਾਈ ਅਤੇ ਕੰਪਿਊਟਰ ਸੈਂਟਰ ਦਾ 41ਵਾਂ ਬੈੱਚ ਸਰਟੀਫਿਕੇਟ ਵੰਡ ਸਮਾਰੋਹ

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਬੀਬੀ ਕੌਲਾਂ ਜੀ ਐਜੂਕੇਸ਼ਨ ਵਿੰਗ ਜਿਸ ਵਿੱਚ ਬੱਚੀਆਂ ਨੂੰ ਸਿਲਾਈ ਕਢਾਈ ਅਤੇ ਕੰਪਿਊਟਰ ਦਾ ਬਿਲਕੁਲ ਫਰੀ ਛੇ ਮਹੀਨਿਆਂ ਦਾ ਕੋਰਸ ਕਰਵਾਇਆ ਜਾਂਦਾ ਹੈ। ਇਹ ਕੋਰਸ ਪੂਰੇ ਹੋਣ ਤੇ ਬੱਚੀਆਂ ਨੂੰ ਸਰਟੀਫਿਕੇਟ ਵੰਡੇ ਜਾਂਦੇ ਹਨ। ਇਸ ਮੌਕੇ ਤੇ ਗੁ: ਟਾਹਲਾ ਸਾਹਿਬ ਤੋਂ ਬਾਬਾ ਦਰਸ਼ਨ ਸਿੰਘ ਜੀ, ਭਾਈ ਗੁਰਵਿੰਦਰ ਸਿੰਘ ਜੀ (ਹੈੱਡ ਗ੍ਰੰਥੀ), ਸ੍ਰ. ਅਮਰੀਕ ਸਿੰਘ ਪੋਲੀਟੈਕਨੀਕਲ ਕਾਲਜ ਦੇ ਪ੍ਰਿੰਸੀਪਲ, ਭਾਈ ਤਰਵਿੰਦਰ ਸਿੰਘ (ਨਿੱਕੂ ਵੀਰ ਜੀ), ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਹੋਰ ਸ਼ਖਸੀਅਤਾਂ ਨੇ ਪਹੁੰਚ ਕੇ ਆਪਣੇ ਕਰ ਕਮਲਾਂ ਨਾਲ ਬੱਚੀਆਂ ਨੂੰ ਸਰਟੀਫਿਕੇਟ ਵੰਡੇ।
















## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁ: ਕੋਠਾ ਸਾਹਿਬ (ਵੱਲ੍ਹਾ), ਸ੍ਰੀ ਅੰਮ੍ਰਿਤਸਰ






ਗੁ: ਕੋਠਾ ਸਾਹਿਬ ਵਿਖੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ ਉਪਰੰਤ ਗੁ: ਸਾਹਿਬ ਦੇ ਪ੍ਰਬੰਧਕ ਭਾਈ ਸਾਹਿਬ ਜੀ ਨੂੰ ਸਨਮਾਨਿਤ ਕਰਦੇ ਹੋਏ।

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-162ਵਾਂ (2025)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਭਾਈ ਨੰਦ ਲਾਲ ਜੀ ਦੀ ਰਸਨਾ ਤੋਂ, ਕਲਮ ਤੋਂ ਦਸ ਪਾਤਿਸ਼ਾਹੀਆਂ ਦੀ ਉਸਤਤਿ 5
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 11
- ਸਿੱਖਾਂ ਦੇ ਪਿਆਰ ਭਰੇ ਸਵਾਲ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਗਾਹੀ ਜਵਾਬ 12
- ਜ਼ਿੰਦਗੀ ਦੀਆਂ ਬਰੀਕੀਆਂ 15
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 17
- ਨੌਂਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 20
- ਹੱਡ-ਬੀਤੀ 23
- ਅਨਮੋਲ ਬਚਨ 26
- ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 27
- 400 ਸਾਲ ਗੁਰ ਇਤਿਹਾਸ ਦੇ ਨਾਲ 29
- मन कैसे बेचना है और इन्द्रियों पर कंट्रोल कैसे करना है? 33
- जिंदगी की बारीकियाँ 40
- Greatness of Amrit (Nectar) 42
- My Satguru is the Benefactor of All 46

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
-ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥**

ਪਿਛਲੇ ਕਾਫੀ ਸਾਲਾਂ ਤੋਂ ਸਿੱਖ ਪੰਥ ਵਿੱਚ ਸ਼ਤਾਬਦੀਆਂ ਮਨਾਉਣ ਦਾ ਸਿਲਸਿਲਾ ਚੱਲ ਰਿਹਾ ਹੈ। ਸਾਡੀ ਖੁਸ਼ਕਿਸਮਤੀ ਹੈ ਕਿ ਇੱਕ ਤੋਂ ਬਾਅਦ ਇੱਕ ਕੋਈ ਨਾ ਕੋਈ ਸ਼ਤਾਬਦੀ ਮਨਾਉਣ ਦਾ ਸਾਨੂੰ ਸੁਭਾਗ ਸਮਾਂ ਪ੍ਰਾਪਤ ਹੋ ਰਿਹਾ ਹੈ। ਵੱਡੀ ਪੱਧਰ ਤੇ ਇਹ ਸ਼ਤਾਬਦੀਆਂ ਗੁਰ ਮਰਿਆਦਾ ਅਨੁਸਾਰ ਮਨਾਈਆਂ ਜਾ ਰਹੀਆਂ ਹਨ। ਮਨਾਈਏ ਵੀ ਕਿਉਂ ਨਾ? ਜਿਸ ਪੰਥ ਦਾ ਇਤਿਹਾਸ ਗੌਰਵਮਈ ਹੋਵੇ, ਜਿਸ ਪੰਥ ਦੇ ਸੁਨਹਿਰੀ ਪੰਨੇ ਬੰਦਗੀ ਕਰਨ ਵਾਲਿਆਂ ਅਤੇ ਸ਼ਹੀਦੀਆਂ ਦੇਣ ਵਾਲੇ ਸਿੰਘ-ਸਿੰਘਣੀਆਂ ਨਾਲ ਭਰਪੂਰ ਹੋਣ, ਉਸ ਦੇ ਵਾਰਸਾਂ ਵੱਲੋਂ ਇਹ ਸ਼ਤਾਬਦੀਆਂ ਮਨਾਉਣ ਦਾ ਚਾਅ ਤਾਂ ਪੈਦਾ ਹੋਵੇਗਾ ਹੀ ਪਰ ਨਾਲ-ਨਾਲ ਇਹ ਵੀ ਹੈ ਕਿ ਇਹ ਸ਼ਤਾਬਦੀਆਂ ਮਨਾਉਂਦਿਆਂ ਅਸੀਂ ਆਪਣੇ ਅੰਦਰ ਔਗੁਣਾਂ ਨੂੰ ਕੱਢ ਕੇ, ਵਿਕਾਰਾਂ ਨੂੰ ਕੱਢ ਕੇ, ਵਾਸ਼ਨਾਵਾਂ ਦਾ ਤਿਆਗ ਕਰਕੇ ਪੂਰਨ ਤੌਰ ਤੇ ਗੁਰੂ ਪ੍ਰੇਮ ਦੇ ਰੰਗ ਵਿੱਚ ਰੰਗੇ ਜਾਈਏ।

ਸਾਲ 2025 ਦਾ ਸੂਰਜ ਸਿੱਖ ਇਤਿਹਾਸ ਵਿੱਚ ਇੱਕ ਬਹੁਤ ਵੱਡੀ ਸ਼ਤਾਬਦੀ ਦਾ ਪੈਗਾਮ ਲੈ ਕੇ ਚੜ੍ਹਿਆ ਹੈ ਤੇ ਇਹ ਸ਼ਤਾਬਦੀ ਹੈ, ਸ੍ਰਿਸ਼ਟੀ ਦੀ ਚਾਦਰ, ਤਿਆਗ, ਵੈਰਾਗ ਤੇ ਅਨੁਰਾਗ ਦੀ ਮੂਰਤ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ 350 ਸਾਲਾ ਪਾਵਨ ਸ਼ਹੀਦੀ ਦਿਹਾੜਾ ਅਤੇ ਨਾਲ ਨਾਲ ਗੁਰੂ ਸਾਹਿਬ ਦੇ ਪਿਆਰੇ ਸਿੱਖ, ਗੁਰੂ ਦੇ ਚਰਨਾਂ ਤੋਂ ਨਿਛਾਵਰ ਹੋਣ ਵਾਲੇ ਸਿੱਖ ਧੰਨ ਭਾਈ ਮਤੀਦਾਸ ਜੀ, ਧੰਨ ਭਾਈ ਸਤੀਦਾਸ ਜੀ, ਧੰਨ ਭਾਈ ਦਿਆਲ ਦਾਸ ਜੀ ਦੀਆਂ ਸ਼ਹੀਦੀਆਂ ਤੇ ਧੰਨ ਭਾਈ ਜੈਤਾ ਜੀ ਦੀ ਗੁਰੂ ਚਰਨਾਂ ਤੋਂ ਬਲਿਹਾਰੇ ਜਾਣ ਦੀਆਂ ਕੁਰਬਾਨੀਆਂ। ਇਸ ਦੇ ਨਾਲ ਹੀ ਸਾਡੇ ਗੁਰੂ ਪਿਤਾ ਜਿਨ੍ਹਾਂ ਦਾ ਖੰਡ ਬ੍ਰਹਿਮੰਡ ਵਿੱਚ ਕੋਈ ਸਾਨੀ ਨਹੀਂ, ਗੁਰੂ ਕਲਗੀਧਰ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ 350 ਸਾਲਾ ਪਾਵਨ ਗੁਰਿਆਈ ਦਿਵਸ।

ਇਹ ਸਾਰੀਆਂ ਸ਼ਤਾਬਦੀਆਂ ਸਿੱਖ ਪੰਥ ਵਿੱਚ ਹੀ ਨਹੀਂ, ਦੁਨੀਆਂ ਦੇ ਇਤਿਹਾਸ ਵਿੱਚ ਬਹੁਤ ਵੱਡੇ ਮਾਅਨੇ ਰੱਖਦੀਆਂ ਹਨ। ਇਨ੍ਹਾਂ ਇਤਿਹਾਸਿਕ ਸਾਕਿਆਂ ਨੇ ਸ੍ਰਿਸ਼ਟੀ ਦਾ ਇਤਿਹਾਸ ਹੀ ਬਦਲ ਕੇ ਰੱਖ ਦਿੱਤਾ। ਦੁਨੀਆਂ ਦਾ ਕੋਈ ਰਹਿਬਰ ਇਹੋ ਜਿਹਾ ਨਹੀਂ ਹੋਇਆ ਜਿਸ ਨੇ ਕਿਸੇ ਦੂਜੇ ਦੀ ਪੱਤ ਦੀ ਰਾਖੀ ਲਈ ਸ਼ਹੀਦੀ ਦਿੱਤੀ ਹੋਵੇ ਤੇ ਸ਼ਹੀਦੀ ਉਪਰੰਤ ਸੀਸ ਦਾ ਸਸਕਾਰ ਕਿਤੇ ਹੋਇਆ ਹੋਵੇ ਤੇ ਧੜ ਦਾ ਸਸਕਾਰ ਕਿਤੇ ਹੋਇਆ ਹੋਵੇ। ਵਾਹਦ ਇੱਕ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਹਨ। ਕਿੰਨੀ ਬੇਮਿਸਾਲ ਸ਼ਹੀਦੀ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਕਿਸੇ ਦਾ ਨੰਗੇਜ ਨਹੀਂ ਸਨ ਵੇਖ ਸਕਦੇ। ਚਾਰ ਸਾਲ ਦੀ ਉਮਰ ਵਿੱਚ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੇ ਵਿਆਹ ਦੇ ਸਮੇਂ ਇੱਕ ਬੱਚੇ ਦੇ ਤਨ ਤੇ ਕੱਪੜਾ ਨਹੀਂ ਵੇਖਿਆ ਤੇ ਆਪਣੀ ਕੀਮਤੀ ਪੁਸ਼ਾਕ ਉਤਾਰ ਕੇ ਉਸਨੂੰ ਪਹਿਨਾ ਦਿੱਤੀ ਤੇ ਜਦੋਂ ਹਿੰਦੁਸਤਾਨ ਦੀ ਪੱਤ ਨੂੰ, ਹਿੰਦੁਸਤਾਨ ਦੀ ਆਬਰੂ ਨੂੰ, ਹਿੰਦੁਸਤਾਨ ਦੀ ਇੱਜ਼ਤ ਨੂੰ ਖਤਰਾ ਪੈਦਾ ਹੋਇਆ ਤੇ ਉਸ ਪੱਤ ਦੀ, ਉਸ ਆਬਰੂ ਦੀ, ਉਸ ਇੱਜ਼ਤ ਦੀ ਰਾਖੀ ਲਈ ਆਪਣਾ ਤਨ ਹੀ ਕੁਰਬਾਨ ਕਰ ਦਿੱਤਾ। ਮਾਣ ਕਰੀਏ ਕਿ ਸਾਨੂੰ ਸਿੱਖੀ ਵਿੱਚ ਜਨਮ ਮਿਲਿਆ ਹੈ ਤੇ ਸਾਡੇ ਗੁਰੂ ਸਾਹਿਬ ਜੀ ਨੇ ਇਸ ਤਰ੍ਹਾਂ ਦੇ ਪੂਰਨੇ ਪਾਏ ਹਨ। ਆਪਣੀ ਸ਼ਹੀਦੀ ਦੇ ਕੇ ਦੁਨੀਆਂ ਨੂੰ ਇੱਕ ਸੰਦੇਸ਼ ਦਿੱਤਾ ਕਿ ਜਿਹੜਾ ਸ਼ਰਨ ਵਿੱਚ ਆ ਜਾਵੇ, ਉਸ ਦੀ ਬਾਂਹ ਫੜੀਏ ਤੇ ਫਿਰ ਭਾਵੇਂ ਆਪਣਾ ਆਪ ਕੁਰਬਾਨ ਵੀ ਕਰ ਦੇਣਾ ਪਵੇ ਪਰ ਸ਼ਰਨ ਆਏ ਦੀ ਲਾਜ ਰੱਖਣੀ ਹੈ। ਜਿਸ ਬਾਰੇ ਜ਼ਿਕਰ ਆਉਂਦਾ ਹੈ :

***ਬਾਂਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ ॥ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਐ ॥***

ਇਹ ਦੁਨੀਆਂ ਲਈ ਇੱਕ ਸੇਧ ਸੀ, ਇੱਕ ਪੂਰਨੇ ਸਨ ਕਿ ਦੂਜਿਆਂ ਦੀ ਰਾਖੀ ਕਿਵੇਂ ਕਰਨੀ ਹੈ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਸਿਧਾਂਤ ਹੀ ਇਹ ਹੈ ਕਿ ਦੂਜਿਆਂ ਲਈ ਜਿਊਣਾ ਹੀ ਅਸਲ ਜਿਊਣਾ ਹੈ। ਆਪਣੇ ਲਈ ਤਾਂ ਹਰ ਕੋਈ ਜੀਅ ਲੈਂਦਾ ਹੈ ਪਰ ਕਿਸੇ ਦੂਜੇ ਵਾਸਤੇ ਕੁਰਬਾਨੀ ਦੇਣੀ, ਇਹ ਵਿਰਲਿਆਂ ਦੇ ਹਿੱਸੇ ਹੀ ਆਉਂਦੀ ਹੈ। ਆਓ ਇਹ ਸ਼ਤਾਬਦੀਆਂ ਮਨਾਉਂਦਿਆਂ ਆਪਣੇ ਗੁਰੂ ਪਿਤਾ ਜੀ ਤੋਂ ਬਲਿਹਾਰ ਜਾਂਦਿਆਂ ਨਵੰਬਰ, 2025 ਤੱਕ ਆਪਣੇ ਰੋਜ਼ਾਨਾ ਦੇ ਨੇਮ ਤੋਂ ਇਲਾਵਾ ਵੱਧ ਤੋਂ ਵੱਧ ਗੁਰਬਾਣੀ ਪੜ੍ਹਨ ਦਾ ਨੇਮ ਬਣਾਈਏ ਤੇ ਖਾਸ ਕਰਕੇ ਆਪਣੇ ਨਿਤਨੇਮ ਵਿੱਚ ਸਲੋਕ ਮਹਲਾ ੯ ਦੇ ਵੈਰਾਗਮਈ ਸਲੋਕਾਂ ਨੂੰ ਜ਼ਰੂਰ ਸ਼ਾਮਿਲ ਕਰੀਏ ਤਾਂ ਕਿ ਸਾਨੂੰ ਜੀਵਨ ਜਿਊਣ ਦੀ ਸੋਝੀ ਮਿਲ ਸਕੇ। ਅਗਲੇ ਅੰਕਾਂ ਵਿੱਚ ਵੀ ਇਨ੍ਹਾਂ ਸ਼ਤਾਬਦੀਆਂ ਨਾਲ ਸੰਬੰਧਿਤ ਹੀ ਸੰਪਾਦਕੀ ਦੇ ਕਾਲਮ ਹੇਠ ਗੁਰੂ ਪਿਤਾ ਜੀ ਦੀਆਂ ਸਿਫਤਾਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਵੈਸੇ ਤਾਂ ਗੁਰੂ ਸਾਹਿਬ ਦੀ ਸਿਫਤ ਨਾ ਤਾਂ ਕਲਮਾਂ ਰਾਹੀਂ ਤੇ ਨਾ ਹੀ ਹਰਫਾਂ ਰਾਹੀਂ ਕੀਤੀ ਜਾ ਸਕਦੀ ਹੈ ਪਰ ਨਿਮਾਣਾ ਜਿਹਾ ਉਪਰਾਲਾ ਗੁਰੂ ਸਾਹਿਬ ਦੀ ਕਿਰਪਾ ਨਾਲ ਕੀਤਾ ਜਾਵੇਗਾ ਤਾਂ ਕਿ ਗੁਰੂ ਸਾਹਿਬ ਦੀ ਉਸਤਤਿ ਕਰਦਿਆਂ ਗੁਰੂ ਪ੍ਰੇਮ ਦਾ ਰੰਗ ਸਾਡੇ ਅੰਦਰ ਵੀ ਉਜਾਗਰ ਹੋ ਸਕੇ।

**ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥**

***—ਸੰਪਾਦਕ***

“ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਧੰਨ ਭਾਈ ਨੰਦ ਲਾਲ ਜੀ”

# ਭਾਈ ਨੰਦ ਲਾਲ ਜੀ ਦੀ ਰਸਨਾ ਤੋਂ, ਕਲਮ ਤੋਂ ਦਸ ਪਾਤਿਸ਼ਾਹੀਆਂ ਦੀ ਉਸਤਤਿ

**(VCD 539)**

*—ਸੰਪਾਦਕ*

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—‘‘ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ’’ ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਵਿੱਚੋਂ- ਧੰਨ ਭਾਈ ਨੰਦ ਲਾਲ ਜੀ ਦੇ ਜੀਵਨ ਤੇ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ ’ਤੇ ਹੱਥ ਰੱਖ ਕੇ ਕਰਵਾਉਣ।**

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥***
***(ਵਾਰ ੧੯, ਪਉੜੀ ੧੨)***

ਸਾਧ ਸੰਗਤ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ। ਇੱਕ ਪ੍ਰਕਰਨ ਦੀ ਸਤਿਗੁਰੂ ਜੀ ਸੇਵਾ ਲੇ ਰਹੇ ਹਨ :

**ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ :**

ਲੜੀਵਾਰ ਉੱਚੇ ਸੁੱਚੇ ਜੀਵਨ ਦੇ ਦਰਸ਼ਨ ਕਰ ਰਹੇ ਹੋ।

***ਧੰਨ ਭਾਈ ਨੰਦ ਲਾਲ ਜੀ।***

ਭਾਈ ਨੰਦ ਲਾਲ ਜੀ ਦੁਬਾਰਾ ਸ੍ਰੀ ਅਨੰਦਪੁਰ ਸਾਹਿਬ ਆ ਚੁੱਕੇ ਹਨ। 19 ਦੇ ਕਰੀਬ ਇਨ੍ਹਾਂ ਦੀਆਂ ਰੁਬਾਈਆਂ ਹਨ। ਹਰ ਰੁਬਾਈ ਦੀ ਇੱਕ-ਇੱਕ ਪੰਕਤੀ ਵਿੱਚ ਬੜੇ ਕੀਮਤੀ ਬਚਨ ਹਨ। ਇਨ੍ਹਾਂ ਰੁਬਾਈਆਂ ਵਿੱਚੋਂ ਗੁਰੂ ਪ੍ਰੇਮ ਲਈ ਬਹੁਤ ਕੁਝ ਮਿਲਦਾ ਹੈ। ਭਾਈ ਨੰਦ ਲਾਲ ਜੀ ਦੀ ਇੱਕ ਰੁਬਾਈ ਹੈ, ਧਿਆਨ ਦੇਣਾ, ਸਾਰਿਆਂ ਨੂੰ ਚਾਨਣਾ ਹੋ ਜਾਵੇਗਾ, ਮਿਲਾਪ ਕਿਉਂ ਨਹੀਂ ਹੋ ਰਿਹਾ? ਭਾਈ ਨੰਦ ਲਾਲ ਜੀ ਦੀ ਇੱਕ ਰੁਬਾਈ ਹੈ ਤੇ ਉਸ ਦਾ ਪੰਜਾਬੀ ਤਰਜਮਾ ਹੈ। ਭਾਈ ਨੰਦ ਲਾਲ ਜੀ ਕਹਿੰਦੇ, ਸਾਡੀ ਹਸਤੀ ਇੱਕ ਬਲਾਅ ਹੈ। ਪਿੰਡਾਂ ਦੀ ਠੇਠ ਪੰਜਾਬੀ ਵਿੱਚ ਹੁੰਦਾ ਹੈ, ਇਹ ਕੀ ਬਲਾਅ ਮੇਰੇ ਮਗਰ ਪੈ ਗਈ ਹੈ। ਹਸਤੀ ਸਮਝਦੇ ਹੋ, ਸਾਡੀ

ਹਉਮੈ। ਇਹ ਸਭ ਤੋਂ ਵੱਡੀ ਬਲਾਅ ਹੈ।

ਭਾਈ ਨੰਦ ਲਾਲ ਜੀ ਕਹਿੰਦੇ, ਸਾਡੀ ਹਸਤੀ ਇੱਕ ਵੱਡੀ ਬਲਾਅ ਸੀ। ਭਾਈ ਨੰਦ ਲਾਲ ਜੀ ਹਰ ਜਗ੍ਹਾ ਆਪਣੇ ਆਪ ਨੂੰ ਗੋਇਆ ਲਿਖਦੇ ਸਨ ਤੇ ਉਹ ਲਿਖਦੇ ਹਨ ਕਿ ਇਸ ਗੋਇਆ ਨੂੰ ਕਲਗੀਧਰ ਪਿਤਾ ਜੀ ਨੇ ਇਸ ਬਲਾਅ ਦਾ ਗਿਆਨ ਕਰਵਾ ਕੇ ਰੱਬ ਨਾਲ ਮਿਲਾ ਦਿੱਤਾ ਹੈ। ਫਿਰ ਧਿਆਨ ਦੇਣਾ। ਸਾਡੀ ਹਸਤੀ, ਸਾਡੀ ਹਉਮੈ, ਇੱਕ ਵੱਡੀ ਬਲਾਅ ਸੀ। ਆਪਣੀ ਗੱਲ ਲਿਖੀ। ਇਸ ਗੋਇਆ ਨੂੰ ਕਲਗੀਧਰ ਪਿਤਾ ਜੀ ਨੇ ਇਸ ਬਲਾਅ ਦਾ ਗਿਆਨ ਕਰਵਾ ਕੇ ਰੱਬ ਨਾਲ ਮਿਲਾ ਦਿੱਤਾ ਹੈ। ਇਹ ਗੱਲਾਂ ਨਹੀਂ, ਸੱਚਾਈਆਂ ਹਨ। ਮੇਰੇ ਵਰਗੇ ਨੂੰ ਚਾਰ ਸ਼ਬਦ ਵਾਜੇ ਤੇ ਆਉਂਦੇ ਹੋਣ, ਪੈਰ ਜ਼ਮੀਨ ਤੇ ਨਹੀਂ ਲੱਗਦੇ। ਭਾਈ ਨੰਦ ਲਾਲ ਜੀ ਫਾਰਸੀ, ਸੰਸਕ੍ਰਿਤ, ਔਖੀਆਂ ਭਾਸ਼ਾਵਾਂ ਦੇ ਗਿਆਨਵਾਨ ਸਨ। ਕਾਫੀ ਭਾਸ਼ਾਵਾਂ ਦਾ ਗਿਆਨ ਹੈ ਪਰ ਇਹ ਹਉਮੈ ਦੀ ਬਲਾਅ, ਬਾਜਾਂ ਵਾਲੇ ਪਿਤਾ ਜੀ ਨੇ ਕੱਢ ਦਿੱਤੀ ਹੈ। ਭਾਈ ਨੰਦ ਨਾਲ ਜੀ ਇੰਨੇ ਗੁਣਾਂ ਦੇ ਹੁੰਦਿਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤ ਦੇ ਜੂਠੇ ਕੌਲੇ ਮਾਂਜਦੇ ਰਹੇ। ਬਾਜਾਂ ਵਾਲੇ ਪਿਤਾ ਜੀ ਨੇ ਇਹ ਹਉਮੈ ਦੀ ਬਲਾਅ ਅੰਦਰੋਂ ਕੱਢ ਦਿੱਤੀ।

ਬਾਜਾਂ ਵਾਲੇ ਪਿਤਾ ਜੀ ਕੋਲ ਵੱਡੇ-ਵੱਡੇ ਬੰਦੇ ਵੀ ਆਉਂਦੇ ਸਨ। ਭਾਈ ਨੰਦ ਲਾਲ ਜੀ ਬਹਾਦਰ ਸ਼ਾਹ ਵਰਗੇ ਬਾਦਸ਼ਾਹ ਦੇ ਮੀਰ ਮੁਨਸ਼ੀ ਰਹੇ ਸਨ। ਕਿੰਨਾ ਗੁਣੀ ਬੰਦਾ ਹੁੰਦਾ ਹੈ, ਮੀਰ ਮੁਨਸ਼ੀ। ਅੱਜ ਕੱਲ੍ਹ ਵੱਡੀਆਂ ਫਰਮਾਂ ਵਾਲੇ ਅਕਾਊਂਟੈਂਟ ਰੱਖਦੇ ਹਨ ਜੋ ਕਿ ਸਾਰਾ ਅਕਾਊਂਟ ਮੇਨਟੇਨ ਕਰਦੇ ਹਨ। ਪਹਿਲਾਂ ਸਭ ਲਿਖਤ ਪੜ੍ਹਤ ਕੰਟਰੋਲ ਕਰਨ ਵਾਲੇ ਨੂੰ ਮੀਰ ਮੁਨਸ਼ੀ ਕਹਿੰਦੇ ਸਨ। ਬਾਜਾਂ ਵਾਲੇ ਪਿਤਾ ਜੀ ਕੋਲ ਬੜੇ-ਬੜੇ ਗੁਣੀ ਬੰਦੇ ਆਉਣੇ ਤੇ ਉਨ੍ਹਾਂ ਨੇ ਦੇਖਣਾ ਇੰਨਾ ਮੀਰ ਮੁਨਸ਼ੀ, ਇੰਨੀਆਂ ਬੋਲੀਆਂ, ਇੰਨਾ ਕੁਝ ਜਾਣਨ ਵਾਲਾ ਕੌਲੇ ਮਾਂਜ ਰਿਹਾ ਹੈ। ਉਨ੍ਹਾਂ ਨੇ ਕਹਿ ਦੇਣਾ, ਭਾਈ ਨੰਦ ਲਾਲ ਜੀ, ਸਾਡੇ ਕੋਲ ਆ ਜਾਓ। ਚਿੱਟਾ ਸਿਰਹਾਣਾ, ਚਿੱਟੀ ਗੱਦੀ, ਚਿੱਟੀ ਚਾਦਰ, ਚਾਰ-ਪੰਜ ਸੇਵਾਦਾਰ ਦੇਵਾਂਗਾ ਤੇ ਕਰਨਾ ਕੁਝ ਨਹੀਂ ਸਿਰਫ ਨਾਲ ਬੈਠ ਕੇ ਸਾਡਾ ਸਾਰਾ ਜੋ ਸਿਸਟਮ ਹੈ ਉਸ ਨੂੰ ਕੰਟਰੋਲ ਕਰਨਾ ਹੈ। ਇੱਥੇ ਜੂਠੇ ਬਰਤਨ ਸਾਫ ਕਰ ਰਹੇ ਹੋ। ਸਾਡੇ ਕੋਲ ਆ ਜਾਓ, ਚਿੱਟੀਆਂ ਗੱਦੀਆਂ, ਚਿੱਟੇ ਸਿਰਹਾਣੇ, ਚਿੱਟੀਆਂ ਚਾਦਰਾਂ, ਨਾਲ ਸੇਵਾ ਵਿੱਚ ਬੰਦੇ ਪਰ ਭਾਈ ਨੰਦ ਲਾਲ ਜੀ ਦੇ ਅੰਦਰ ਇਹ ਹਉਮੈ ਦੀ ਬਲਾਅ ਮਰ ਗਈ। ਭਾਈ ਨੰਦ ਲਾਲ ਜੀ ਨੇ ਜਵਾਬ ਦੇਣਾ, ਜਿਹੜਾ ਅਨੰਦ ਇਸ ਗੋਇਆ ਨੂੰ ਗੁਰੂ ਸਾਹਿਬ ਦੀਆਂ ਸੰਗਤਾਂ ਦੇ ਜੂਠੇ ਕੌਲੇ ਮਾਂਜ ਕੇ ਆਉਂਦਾ ਹੈ, ਉਹ ਚਿੱਟੀਆਂ ਗੱਦੀਆਂ ਤੇ ਨਹੀਂ। ਉਹ ਅਨੰਦ ਚਿੱਟੇ ਸਿਰਹਾਣੇ ਤੇ ਨਹੀਂ।

ਇਹ ਦਾਸ ਨੇ ਤਾਂ ਦੱਸਿਆ ਹੈ, ਇੱਕ ਹੁੰਦਾ ਹੈ, ਬੰਦਾ ਲਿਖਦਾ ਹੈ, ਬੋਲਦਾ ਹੈ ਪਰ ਉਹ ਅੰਦਰੋਂ ਬਾਜਾਂ ਵਾਲੇ ਪਿਤਾ ਜੀ ਦੇ ਚਰਨਾਂ ਵਿੱਚ ਵਿਕੇ ਹੋਏ ਸਨ। ਇੱਕ-ਡੇਢ ਵਜੇ ਬਾਜਾਂ ਵਾਲੇ ਪਿਤਾ ਜੀ ਦਾ ਦੀਵਾਨ ਸ਼ੁਰੂ ਹੋ ਜਾਂਦਾ ਸੀ। ਪਿਤਾ ਜੀ ਸਾਢੇ ਤਿੰਨ-ਚਾਰ ਵਜੇ ਆਉਂਦੇ ਸਨ, ਦੀਵਾਨ ਵਿੱਚ। ਉਸ ਤੋਂ ਪਹਿਲਾਂ ਛੋਟਾ ਦਸਤਾਰਾ ਸਜਾ ਕੇ ਕਮਰੇ ਵਿੱਚ ਇਕੱਲੇ ਅਭਿਆਸ ਹੁੰਦਾ ਸੀ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ। ਸਾਢੇ ਤਿੰਨ-ਚਾਰ ਵਜੇ ਜਦੋਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਵਾਨ ਵਿੱਚ ਆਉਂਦੇ ਹੁੰਦੇ ਸਨ, ਅੰਦਰ ਦਾਖਲ ਹੁੰਦਿਆਂ ਹੀ ਪਿਤਾ ਜੀ ਦੇ ਮੱਥੇ ਵਿੱਚੋਂ ਇਹੋ ਜਿਹਾ ਨੂਰ ਨਿਕਲਦਾ ਸੀ ਕਿ ਸਾਰਾ ਦੀਵਾਨ ਨੂਰੋ ਨੂਰ ਹੋ ਜਾਂਦਾ ਸੀ। ਭਾਈ ਨੰਦ ਲਾਲ ਜੀ ਡੇਢ-ਦੋ ਵਜੇ ਦੀਵਾਨ ਵਿੱਚ ਪਹੁੰਚ ਜਾਂਦੇ ਸਨ। ਇਸ ਹਉਮੈ ਦੀ ਬਲਾਅ ਨੂੰ ਭਾਈ ਨੰਦ ਲਾਲ ਜੀ ਨੇ ਕਿਵੇਂ ਮਾਰਿਆ ਸੀ? ਬਾਜਾਂ ਵਾਲੇ ਪਿਤਾ ਜੀ ਇੱਕ ਦਿਨ ਕਹਿਣ ਲੱਗੇ, ਨੰਦ ਲਾਲ ਜੀ, ਤੁਹਾਡੀ ਉਮਰ ਵਡੇਰੀ ਹੈ। ਬਾਜਾਂ ਵਾਲੇ ਪਿਤਾ ਜੀ ਤੋਂ

ਦੁਨਿਆਵੀ ਉਮਰ ਵਿੱਚ ਵੱਡੇ ਸਨ। ਇਸ ਕਰਕੇ ਗੁਰੂ ਸਾਹਿਬ ਕਹਿਣ ਲੱਗੇ ਕਿ ਤੁਹਾਡੀ ਉਮਰ ਵਡੇਰੀ ਹੈ, ਅਰਾਮ ਨਾਲ ਆ ਜਾਇਆ ਕਰੋ। ਇੰਨੀ ਪਹਾੜੀ ਚੜ੍ਹ ਕੇ ਡੇਢ ਵਜੇ ਦੀਵਾਨ ਵਿੱਚ ਪਹੁੰਚਦੇ ਹੋ ਥੋੜ੍ਹਾ ਅਰਾਮ ਨਾਲ ਆ ਜਾਇਆ ਕਰੋ। ਸਾਡੇ ਵਰਗਾ ਹੁੰਦਾ ਤਾਂ ਕਹਿੰਦਾ, ਠੀਕ ਹੈ ਜੀ ਅਰਾਮ ਨਾਲ ਆ ਜਾਇਆ ਕਰਾਂਗਾ। ਸਤਿਗੁਰੂ ਜੀ ਕਹਿੰਦੇ, ਨੰਦ ਲਾਲ ਜੀ ਅਰਾਮ ਨਾਲ ਆ ਜਾਇਆ ਕਰੋ ਪਰ ਵੇਖੋ ਇਹ ਹਉਮੈ ਦੀ ਬਲਾਅ ਮਰੀ ਪਈ ਸੀ ਤੇ ਭਾਈ ਨੰਦ ਲਾਲ ਜੀ ਕਹਿੰਦੇ, ਸਤਿਗੁਰੂ ਜੀ! ਜਿਹੜਾ ਮੈਂ ਆਪ ਜੀ ਦੀ ਕਿਰਪਾ ਨਾਲ ਡੇਢ ਵਜੇ ਦੀਵਾਨ ਵਿੱਚ ਆਉਂਦਾ ਹਾਂ, ਮੈਂ ਤਾਂ ਅਜੇ ਉਹ ਬੱਚਾ ਹਾਂ ਜਿਹੜਾ ਹਾਲੇ ਰਿੜ੍ਹਨ ਦੀ ਜਾਚ ਸਿੱਖ ਰਿਹਾ ਹਾਂ। ਮੈਂ ਉਹ ਬੱਚਾ ਹਾਂ ਜਿਹੜਾ ਹਾਲੇ ਰਿੜ੍ਹਨ ਦੀ ਜਾਚ ਸਿੱਖ ਰਿਹਾ ਹਾਂ, ਸਤਿਗੁਰੂ ਜੀ! ਤੁਸੀਂ ਕਹਿ ਰਹੇ ਹੋ ਕਿ ਅਰਾਮ ਨਾਲ ਆ ਜਾਇਆ ਕਰ ਪਰ ਮੇਰੀ ਬੇਨਤੀ ਹੈ, ਆਪਣੇ ਬੱਚੇ ਨੂੰ ਰਿੜ੍ਹਨ ਤੋਂ ਨਾ ਰੋਕੋ। ਕੈਸਾ ਜਵਾਬ ਦਿੱਤਾ। ਜੋ ਬੋਲਿਆ ਹੈ, ਉਹ ਹੈ ਸੀ। ਗੁਰੂ ਸਾਹਿਬ ਦੀ ਕਿਰਪਾ ਨਾਲ ਸਾਰੀ ਸੰਗਤ ਨੇ ਇਨ੍ਹਾਂ ਚੀਜ਼ਾਂ ਨੂੰ ਸਮਝਣਾ ਹੈ ਤੇ ਆਪਣੇ ਜੀਵਨ ਵਿੱਚ ਲਿਆਉਣਾ ਹੈ। ਤੁਹਾਡੇ ਘਰ ਮਾਂ ਪੁੱਤਰ, ਪਿਓ ਧੀ ਆਪਸ ਵਿੱਚ ਬਹਿਸ ਕਰ ਰਹੇ ਹੋਣ ਤੇ ਤੁਸੀਂ ਨਿਰਲੇਪ ਰਿਹਾ ਕਰੋ, ਆਪਣੇ ਅਨੰਦ ਵਿੱਚ ਰਿਹਾ ਕਰੋ। ਜਿੰਨਾ ਕੁ ਲੋੜ ਹੈ, ਉਨਾ ਕੁ ਇੰਟਰਫੀਅਰ ਕਰੋ, ਬਾਕੀ ਆਪਣਾ ਅਨੰਦ ਵਿੱਚ ਰਹੋ। ਕਿਸੇ ਵਿੱਚ ਵੀ ਆਪਣੀਆਂ ਚਾਰ ਗੱਲਾਂ ਮਾਰ ਕੇ ਆਪਣੀ ਵਡਿਆਈ ਪ੍ਰਗਟ ਨਹੀਂ ਕਰਨੀ। ਇਸ ਹਉਮੈ ਦੀ ਬਲਾਅ ਨੂੰ ਖਤਮ ਕਰਨਾ ਹੈ, ਮੈਂ ਨੂੰ ਖਤਮ ਕਰਨਾ ਹੈ। ਕਈ ਵਾਰ ਅੰਦਰ ਆ ਜਾਂਦਾ ਹੈ ਕਿ ਮੇਰੀ ਰਾਏ ਬੜੀ ਕਾਇਲ ਕਰਦੀ ਹੈ ਪਰ ਇਸ ਨੂੰ ਮਾਰਨਾ ਹੈ। ਇੱਕ ਕਦਮ ਨਹੀਂ ਪੁੱਟ ਸਕਦਾ ਕੋਈ, ਜੇ ਇੱਕ-ਇੱਕ ਸਵਾਸ ਦੀ ਪੂੰਜੀ ਨਾ ਹੁੰਦੀ। ਸਵਾਸ ਦੀ ਪੂੰਜੀ ਤੈਨੂੰ ਚਲਾ ਰਹੀ ਹੋਵੇ ਤੇ ਇੰਨੀਆਂ ਉਡਾਰੀਆਂ ਮਾਰਦਾ ਹਾਂ, ਇਸ ਬਲਾਅ ਨੂੰ ਮਾਰਨਾ ਹੈ। ਧਿਆਨ ਦੇਣਾ, ਰੁਬਾਈ ਅਰਥਾਂ ਵਿੱਚ ਹੈ। ਭਾਈ ਨੰਦ ਲਾਲ ਜੀ ਕਹਿੰਦੇ, ਸਾਡੀ ਹਸਤੀ ਇੱਕ ਵੱਡੀ ਬਲਾਅ ਸੀ। ਇਸ ਗੋਇਆ ਨੂੰ ਕਲਗੀਧਰ ਪਿਤਾ ਜੀ ਨੇ ਬਲਾਅ ਦਾ ਗਿਆਨ ਕਰਵਾ ਕੇ ਰੱਬ ਨਾਲ ਮਿਲਾ ਦਿੱਤਾ ਹੈ। ਇੱਕ ਹੋਰ ਰੁਬਾਈ- ਭਾਈ ਨੰਦ ਲਾਲ ਜੀ ਦੀ ਰੁਬਾਈ ਹੈ ਤੇ ਉਸ ਦੇ ਅਰਥ ਹਨ। ਇਹ ਉਜਾੜ ਘਰ ਤਦ ਤੱਕ ਆਬਾਦ ਨਹੀਂ ਹੋ ਸਕਦਾ ਜਦ ਤੱਕ ਪੂਰੇ ਸਤਿਗੁਰੂ ਜੀ ਜ਼ਿੰਦਗੀ ਵਿੱਚ ਸਹਾਈ ਨਾ ਹੋਣ। ਤੀਜੀ ਰੁਬਾਈ- ਹਰ ਇੱਕ ਉਹ ਅੱਖ ਜਿਸ ਨੇ ਰੱਬ ਨੂੰ ਨਹੀਂ ਪਛਾਣਿਆ, ਉਹ ਅੰਨੀ ਹੈ। ਮਤ ਸਮਝੋ, ਸੁਜਾਖੀ ਹੈ। ਹਰ ਇੱਕ ਉਹ ਅੱਖ ਜਿਸ ਨੇ ਰੱਬ ਨੂੰ ਨਹੀਂ ਪਛਾਣਿਆ ਉਹ ਅੰਨ੍ਹੀ ਹੈ। ਅਰਦਾਸ ਕਰੋ ਸਾਨੂੰ ਵੀ ਪਛਾਣ ਹੋ ਜਾਵੇ।

***ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥***
***ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥***

*(ਅੰਗ ੫੯੬)*

***ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥***
***ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ***
***ਆਪੇ ਸਰਬ ਸਮਾਣਾ ॥ ਰਹਾਉ ॥***

*(ਅੰਗ ੫੯੬)*

ਨਿੱਕਾ ਜਿਹਾ ਰੋੜਾ ਪਾਣੀ ਵਿੱਚ ਸੁੱਟ ਦਿਓ, ਕੀ ਉਹ ਤਰੇਗਾ? ਡੁੱਬੇਗਾ ਪਰ ਇਹ ਸਾਰੀ ਧਰਤੀ ਪਾਣੀ ਤੇ ਖੜ੍ਹੀ ਹੈ। ਕਿਹੜੀ ਸ਼ਕਤੀ ਕੰਮ ਕਰ ਰਹੀ ਹੈ। ਪਛਾਣੋ ਰੱਬ ਨੂੰ। ਕੈਸੇ ਦਾਤੇ ਹਨ। ਕੈਸੇ ਪਾਲਣਹਾਰ ਹਨ।

***ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥***
***ਤਿਨ ਕਵਣੁ ਖਲਾਵੈ ਕਵਣੁ ਚੁਗਾਵੈ***
***ਮਨ ਮਹਿ ਸਿਮਰਨੁ ਕਰਿਆ ॥੩॥***

*(ਅੰਗ ੧੦)*

ਪੰਛੀ ਨੂੰ ਦੇਸ਼ ਬਦਲਣਾ ਪੈਂਦਾ ਹੈ। ਬੱਚੇ ਦਿੱਤੇ ਹੁੰਦੇ ਹਨ। ਕਈ ਕੋਹ ਪੰਛੀ ਦੂਰ ਆ ਜਾਂਦਾ ਹੈ। ਇਧਰੋਂ ਸੁਰਤੀ ਬਣਾਉਂਦਾ ਹੈ ਕਿ ਮੈਂ ਆਪਣੇ

ਬੱਚਿਆਂ ਨੂੰ ਖੁਰਾਕ ਭੇਜ ਰਹੀ ਹਾਂ, ਉੱਥੇ ਬੱਚਿਆਂ ਨੂੰ ਖੁਰਾਕ ਪਹੁੰਚਦੀ ਹੈ। ਕੈਸਾ ਪਰਮੇਸ਼ਰ ਹੈ, ਜਿਹੜਾ ਪੱਥਰ ਵਿੱਚ ਕੀੜੇ ਨੂੰ ਰੋਟੀ ਦੇ ਸਕਦਾ ਹੈ, ਜਿਹੜਾ ਇੰਨੀ ਦੂਰ ਬੈਠੇ ਪੰਛੀਆਂ ਦੇ ਬੱਚੇ ਨੂੰ ਸੁਰਤੀ ਨਾਲ ਖਾਣਾ ਪਹੁੰਚਾ ਸਕਦਾ ਹੈ, ਜੇ ਤੂੰ ਅਠਾਰ੍ਹਾਂ ਘੰਟੇ, ਸੌਲਾਂ ਘੰਟੇ ਕੰਮ ਨਹੀਂ ਕਰੇਂਗਾ, ਆਪਣੇ ਨਿਤਨੇਮ ਦੀ ਸਾਰੀ ਚੀਜ਼ ਕਾਇਮ ਰੱਖੇਂਗਾ, ਕੁਝ ਸਮਾਂ ਕਿਰਤ ਨੂੰ ਦੇਵੇਂਗਾ, ਰੋਟੀ ਤੈਨੂੰ ਵੀ ਦੇ ਦੇਵੇਗਾ। ਹਰ ਇੱਕ ਉਹ ਅੱਖ ਜਿਸ ਨੇ ਰੱਬ ਨੂੰ ਨਹੀਂ ਪਹਿਚਾਣਿਆ, ਉਹ ਅੰਨ੍ਹੀ ਹੈ। ਅਫਸੋਸ ਉਸ ਨੇ ਕੀਮਤੀ ਆਯੂ ਆਉਣ ਤੇ ਜਾਣ ਵਿੱਚ ਨਿਹਫਲ ਗਵਾ ਲਈ ਹੈ। ਕਿੰਨਾ ਸਮਾਂ ਨਿਹਫਲ ਹੀ ਗਵਾ ਲਿਆ ਹੈ। ਪਹਿਚਾਣਿਆ ਹੀ ਨਹੀਂ। ਇਹ ਉਨ੍ਹਾਂ ਦੀਆਂ ਰੁਬਾਈਆਂ ਹਨ। ਇੱਕ ਚੌਥੀ ਸੁਣ ਲਓ। ਫਿਰ ਆਪਾਂ ਥੋੜ੍ਹੀ ਜਿਹੀ ਅੱਗੇ ਵਿਚਾਰ ਕਰਦੇ ਹਾਂ। ਕਲਪ ਬ੍ਰਿਛ, ਕਾਮਧੇਨ ਗਊ, ਗੁਰਬਾਣੀ ਵਿੱਚ ਵੀ ਇਨ੍ਹਾਂ ਦਾ ਜ਼ਿਕਰ ਹੈ। ਭਾਈ ਨੰਦ ਲਾਲ ਜੀ ਕਹਿੰਦੇ, ਕਲਪ ਬ੍ਰਿਛ ਦੀ ਛਾਂ ਦਿਲ ਦੀਆਂ ਮੁਰਾਦਾਂ ਪੂਰੀਆਂ ਕਰਦੀ ਹੈ ਪਰ ਕਲਗੀਧਰ ਪਿਤਾ ਜੀ ਦੀ ਛਾਂ ਇਕੱਲੀ ਮੁਰਾਦਾਂ ਹੀ ਪੂਰੀਆਂ ਨਹੀਂ ਕਰਦੀ, ਸਗੋਂ ਮੁਰਾਦਾਂ ਪੂਰੀਆਂ ਕਰਨ ਵਾਲੇ ਨਾਲ ਹੀ ਮਿਲਾ ਦਿੰਦੀ ਹੈ। ਕਿੰਨੀ ਸ਼ਰਧਾ। ਜ਼ਰੂਰ ਪੜ੍ਹਿਆ ਕਰੋ, ਜੁੜੀ ਰੂਹ ਦੀਆਂ ਪੁਸਤਕਾਂ। ਕਾਮਧੇਨ ਗਊ, ਕਲਪ ਬ੍ਰਿਛ, ਇਨ੍ਹਾਂ ਦੇ ਜ਼ਿਕਰ ਹਨ:

***ਇਛਾ ਪੂਰਕੁ ਸਰਬ ਸੁਖਦਾਤਾ***
***ਹਰਿ ਜਾ ਕੈ ਵਸਿ ਹੈ ਕਾਮਧੇਨਾ॥***
***ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ***
***ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥***

*(ਅੰਗ ੬੬੯)*

ਸਾਡੇ ਲਈ ਪਰਮੇਸ਼ਰ ਹੀ ਕਾਮਧੇਨ ਹੈ। ਕਲਪ ਬ੍ਰਿਛ ਦੀ ਛਾਂ ਦਿਲ ਦੀਆਂ ਮੁਰਾਦਾਂ ਪੂਰੀਆਂ ਕਰ ਸਕਦੀ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਛਾਂ ਥੱਲੇ ਆ ਜਾ, ਮੁਰਾਦਾਂ ਪੂਰੀਆਂ ਕਰਨ ਵਾਲੇ ਰੱਬ ਨਾਲ ਹੀ ਮਿਲਾ ਦਿੰਦੀ ਹੈ। ਇਹ ਉਨ੍ਹਾਂ ਦੀਆਂ ਰੁਬਾਈਆਂ ਹਨ। ਇਨ੍ਹਾਂ ਵਿੱਚੋਂ ਕੁਝ ਲੱਭਦਾ ਹੈ। ਇਹ ਹੁਣ ਕਿਤਾਬ ਹੈ, ਗੰਜਨਾਮਾ। ਉਸ ਵਿੱਚ ਉਨ੍ਹਾਂ ਨੇ ਦਸਾਂ ਪਾਤਸ਼ਾਹੀਆਂ ਦੀ ਉਸਤਤਿ ਕੀਤੀ ਹੈ। ਭਾਈ ਨੰਦ ਲਾਲ ਜੀ ਨੇ ਦਸਾਂ ਪਾਤਸ਼ਾਹੀਆਂ ਦੀ ਉਸਤਤਿ ਕੀਤੀ ਹੈ ਤੇ ਦਾਸ ਦਾ ਦਿਲ ਕਰਦਾ ਹੈ ਕਿ ਕੋਸ਼ਿਸ਼ ਕਰਾਂਗੇ, ਗਾ ਕੇ ਪੜ੍ਹ ਸਕੀਏ। ਫਾਰਸੀ ਦੇ ਪੰਜਾਬੀ ਵਿੱਚ ਅਰਥ ਹਨ। ਦਾਸ ਦਾ ਖਿਆਲ ਹੈ ਕਿ ਜੇ ਤੁਸੀਂ ਪਿਆਰ ਨਾਲ ਸੁਣ ਲਵੋਗੇ, ਗੰਜਨਾਮਾ ਵਿੱਚ ਦਸਾਂ ਪਾਤਸ਼ਾਹੀਆਂ ਦੀ ਉਸਤਤਿ। ਇੱਕ-ਇੱਕ, ਦੋ-ਦੋ ਲਾਈਨਾਂ ਹੀ ਗੁਰੂ ਸਾਹਿਬ ਨਾਲ-ਨਾਲ ਹਾਜ਼ਰੀ ਲਗਵਾਉਣ। ਵੇਖਿਓ ਸੋਚ, ਉਨ੍ਹਾਂ ਦੀ ਕਲਮ:

***ਵਾਹਿਗੁਰੂ ਹਾਜ਼ਰ ਨਾਜ਼ਰ ਹੈ***

ਇਹ ਕਹਿ ਕੇ, ਗੰਜਨਾਮਾ ਕਿਤਾਬ ਵਿੱਚ ਦਸਾਂ ਪਾਤਸ਼ਾਹੀਆਂ ਦੀ ਉਸਤਤਿ ਕਰਦੇ ਹਨ।

***ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ***
***ਉਸ ਦਾ ਨਾਮ ਨਾਨਕ ਪਾਤਸ਼ਾਹ ਹੈ***
***ਤੇ ਉਹ ਸੱਚੇ ਧਰਮ ਵਾਲਾ ਹੈ।***

ਭਾਵਨਾ ਵੇਖਣਾ। ਬਾਬਾ ਨਾਨਕ ਜੀ ਦੀ ਗੰਜਨਾਮਾ ਕਿਤਾਬ ਵਿੱਚ ਉਸਤਤਿ ਲਿਖਦੇ ਹਨ:

***ਉਸ ਜੈਸਾ ਦਰਵੇਸ਼ ਸੰਸਾਰ ਵਿੱਚ ਨਹੀਂ ਆਇਆ॥੧੩॥***

ਧਿਆਨ ਦੇਣਾ ਜ਼ਰਾ, ਬਾਬਾ ਨਾਨਕ ਜੀ ਦੀ ਜੇ ਸਿਫਾਰਿਸ਼ ਪੈ ਜਾਵੇ:

***ਉਸ ਦੀ ਸਿਫਾਰਸ਼ ਦੋਹਾਂ ਜਹਾਨਾਂ ਵਿੱਚ***
***ਪਹਿਲਾ ਦਰਜਾ ਰੱਖਦੀ ਹੈ।***
***ਨਾਮ ਨਾਨਕ ਪਾਤਸ਼ਾਹ ਹੈ।***

ਕਿਸੇ ਜਗ੍ਹਾ ਤੇ ਲੁਟੇਰਿਆਂ ਨੇ ਬਾਬਾ ਨਾਨਕ ਜੀ ਨੂੰ ਘੇਰ ਲਿਆ। ਉਨ੍ਹਾਂ ਨੂੰ ਕੀ ਪਤਾ, ਇਹ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਹਨ। ਉਹ ਕਹਿਣ

ਲੱਗੇ ਅਸੀਂ ਲੁੱਟਦੇ ਹਾਂ। ਬਾਬਾ ਜੀ ਕਹਿੰਦੇ, ਲੁੱਟ ਲਓ। ਕੁਝ ਨਿਕਲਿਆ ਹੀ ਨਹੀਂ। ਜਦੋਂ ਕੁਝ ਨਾ ਨਿਕਲਿਆ ਤੇ ਉਹ ਕਹਿਣ ਲੱਗੇ ਕਿ ਹੁਣ ਤੁਹਾਨੂੰ ਜਿਉਂਦਾ ਨਹੀਂ ਛੱਡਣਾ। ਬਾਬਾ ਜੀ ਕਹਿਣ ਲੱਗੇ, ਮਾਰਨ ਤੋਂ ਬਾਅਦ ਸਾਡਾ ਸਰੀਰ ਅਗਨ ਭੇਟ ਜ਼ਰੂਰ ਕਰ ਦੇਣਾ ਤੇ ਪਹਿਲਾਂ ਅੱਗ ਦਾ ਪ੍ਰਬੰਧ ਕਰ ਲਓ। ਉਹ ਸੋਚਣ ਲੱਗੇ ਹੁਣ ਅੱਗ ਕਿੱਥੋਂ ਲਿਆਈਏ? ਬਾਬਾ ਨਾਨਕ ਜੀ ਨੇ ਉਂਗਲ ਕੀਤੀ, ਓ ਅੱਗ ਬਲ ਰਹੀ ਹੈ, ਲੈ ਆਓ। ਇਹ ਅੱਗ ਲੈਣ ਗਏ ਤੇ ਕਿਸੇ ਦਾ ਸਿਵਾ ਜਲ ਰਿਹਾ ਸੀ। ਵੇਖੋ ਬਾਬਾ ਜੀ ਦੀ ਕਲਾ ਵਰਤੀ ਇਹ ਲੁਟੇਰੇ ਉੱਥੇ ਪਹੁੰਚੇ ਤੇ ਕੀ ਦੇਖਦੇ ਹਨ? ਕਿਸੇ ਦਾ ਸਸਕਾਰ ਹੋ ਰਿਹਾ ਸੀ। ਉਸ ਦੀ ਆਤਮਾ ਨੂੰ ਜਮ ਮਾਰ ਰਹੇ ਸਨ। ਫਿਰ ਦੇਵਤੇ ਆ ਗਏ। ਜਮਾਂ ਨੂੰ ਕਹਿੰਦੇ, ਪਾਸੇ ਹੋ ਜਾਓ। ਇਸਨੂੰ ਸਤਿਕਾਰ ਨਾਲ ਪਾਲਕੀ ਵਿੱਚ ਖੜ੍ਹਨਾ ਹੈ। ਉਹ ਕਹਿਣ ਲੱਗੇ, ਇਸ ਨੇ ਕੋਈ ਚੰਗਾ ਕਰਮ ਨਹੀਂ ਕੀਤਾ। ਦੇਵਤੇ ਕਹਿਣ ਲੱਗੇ, ਚੰਗਾ ਕਰਮ ਤਾਂ ਨਹੀਂ ਕੀਤਾ ਪਰ ਬਾਬਾ ਨਾਨਕ ਜੀ ਦੀ ਸਹਿਜ ਸੁਭਾਅ ਇਸ ਦੀ ਚਿਖਾ ਵੱਲ ਉਂਗਲ ਹੋ ਗਈ ਹੈ, ਉਸ ਉਂਗਲ ਨਾਲ ਹੀ ਇਸ ਦੇ ਸਾਰੇ ਪਾਪ ਧੋਤੇ ਗਏ ਹਨ। ਇਹ ਸਾਰੀ ਵਾਰਤਾ ਦੇਖ ਕੇ ਲੁਟੇਰੇ ਆ ਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ ਵਿੱਚ ਡਿੱਗ ਪਏ ਤੇ ਬਾਬਾ ਜੀ ਦੇ ਸ਼ਰਧਾਲੂ ਬਣ ਗਏ। ਭਾਈ ਨੰਦ ਲਾਲ ਜੀ ਨੇ ਨਕਸ਼ਾ ਖਿੱਚਿਆ ਹੈ:

***ਉਸ ਦੀ ਸਿਫਾਰਸ਼ ਦੋਹਾਂ ਜਹਾਨਾਂ ਵਿੱਚ***
***ਪਹਿਲਾ ਦਰਜਾ ਰੱਖਦੀ ਹੈ।***
***ਨਾਮ ਨਾਨਕ ਪਾਤਸ਼ਾਹ ਹੈ।***

ਦਾਸ ਸੋਚਦਾ ਹੈ ਕਿ ਭਾਈ ਨੰਦ ਲਾਲ ਜੀ ਨੇ ਲਫਜ਼ ਕਿੱਥੋਂ ਚੁਣੇ ਹਨ?

***ਕੀ ਖਾਸ ਅਤੇ ਕੀ ਆਮ,***
***ਕੀ ਫਰਿਸ਼ਤੇ ਤੇ ਕੀ ਰੱਬੀ ਦਰਗਾਹ ਦੇ ਦਰਸ਼ਕ***
***ਸਾਰੇ ਉਸਦੀ ਧੂੜ ਦੇ ਜਾਚਕ ਹਨ ॥੧੫॥***

ਇਹ ਗੱਲਾਂ ਅੰਦਰ ਬੈਟਰੀ ਚਾਰਜ ਕਰਦੀਆਂ ਹਨ। ਗੱਲਾਂ ਛੋਟੀਆਂ ਹਨ। ਵਾਹਿਗੁਰੂ ਹਾਜ਼ਰ ਨਾਜ਼ਰ ਹੈ। ਭਾਈ ਨੰਦ ਲਾਲ ਜੀ ਕਹਿੰਦੇ, ਉਸ ਜੈਸਾ ਦਰਵੇਸ਼ ਸੰਸਾਰ ਵਿੱਚ ਨਹੀਂ ਆਇਆ, ਨਾਮ ਇਹੀ ਹੈ। ਉਨ੍ਹਾਂ ਦੀ ਸਿਫਾਰਿਸ਼ ਦੋਹਾਂ ਜਹਾਨਾਂ ਵਿੱਚ ਪਹਿਲਾ ਦਰਜਾ ਰੱਖਦੀ ਹੈ, ਨਾਮ ਇਹੀ ਹੈ। ਦਾਸ ਦਾ ਦਿਲ ਕਰਦਾ ਹੈ, ਜਿਸ ਨੇ ਬੈਟਰੀ ਚਾਰਜ ਕੀਤੀ ਹੈ, ਉਨ੍ਹਾਂ ਨੂੰ ਵੀ ਨਾਲ ਨਾਲ ਧੰਨ ਕਹੀਏ:

***ਧੰਨ ਗੁਰੂ ਧੰਨ ਗੁਰੂ ਪਿਆਰੇ।***

ਹੁਣ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਬਾਰੇ ਗੰਜਨਾਮਾ ਵਿੱਚ ਭਾਈ ਨੰਦ ਲਾਲ ਜੀ ਲਿਖਦੇ ਹਨ:

***ਜਿਨ੍ਹਾਂ ਦੀ ਬਖਸ਼ਿਸ਼ ਨਾਲ ਦੋ ਜਹਾਨ ਤਾਂ ਕੀ***
***ਲੱਖਾਂ ਜਹਾਨ ਸਫਲੇ ਹੁੰਦੇ ਹਨ ॥੫੬॥***
***ਨਾਮ ਗੁਰੂ ਅੰਗਦ ਦੇਵ ਹੈ।***

ਹੁਣ ਧਿਆਨ ਦੇਣਾ, ਹੁਣ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਬਾਰੇ ਭਾਈ ਨੰਦ ਲਾਲ ਜੀ ਕੀ ਲਿਖਦੇ ਹਨ:

***ਹਰ ਨਿਰਾਸ਼ੇ ਦਾ ਸਹਾਈ ਪਾਪੀ ਦੋਸ਼ੀ ਦਾ ਸਹਾਈ।***
***ਨਾਮ ਗੁਰੂ ਅਮਰਦਾਸ ਹੈ।***

ਇਸ ਦੀ ਡੂੰਘਾਈ ਵਿੱਚ ਜਾਓ। ਕਈ ਨਿਰਾਸ਼ ਹੋ ਜਾਂਦੇ ਹਨ, ਮੇਰੇ ਪੰਜ ਬੈਂਡ ਆਏ ਹਨ, ਮੈਂ ਤਾਂ ਇੰਨੀ ਮਿਹਨਤ ਕੀਤੀ ਸੀ, ਮੇਰੇ ਸੱਤ ਬੈਂਡ ਨਹੀਂ ਆਏ। ਮੈਂ ਆਸਟ੍ਰੇਲੀਆ ਜਾਣਾ ਸੀ, ਮੇਰੇ ਪੰਜ ਬੈਂਡ ਆਏ ਹਨ। ਇਹ ਸਾਡੇ ਨਾਲ ਰੋਜ਼ ਦੀ ਜ਼ਿੰਦਗੀ ਵਿੱਚ ਬੀਤਦੀ ਹੈ। ਮੈਂ ਇੰਨੇ ਪਾਠ ਕੀਤੇ। ਮੇਰੇ ਪੰਜ ਬੈਂਡ ਹੀ ਆਏ ਹਨ, ਮੈਨੂੰ ਹੁਣ ਦੁਬਾਰਾ ਆਈਲੈਟਸ ਦੀ ਪੜ੍ਹਾਈ ਕਰਨੀ ਪੈਣੀ ਹੈ। ਮੈਂ ਨਿਰਾਸ਼ ਹੋ ਗਈ ਹਾਂ।

ਹੁਣ ਤੁਸੀਂ ਪੜ੍ਹਦੇ ਹੋ, ਨਿਮਾਣਿਆਂ ਦੇ ਮਾਣ, ਗੁਰੂ ਅਮਰਦਾਸ ਜੀ। ਨਿਤਾਣਿਆਂ ਦੇ ਤਾਣ, ਗੁਰੂ

ਅਮਰਦਾਸ ਜੀ। ਇਨ੍ਹਾਂ ਲਫਜ਼ਾਂ ਵਿੱਚੋਂ ਤੁਹਾਨੂੰ ਖੁਸ਼ਬੂ ਆ ਰਹੀ ਹੋਵੇਗੀ। ਭਾਈ ਨੰਦ ਲਾਲ ਜੀ ਕਹਿੰਦੇ, ਜਿਹੜਾ ਨਿਰਾਸ਼ ਹੈ, ਉਹ ਧੰਨ ਗੁਰੂ ਅਮਰਦਾਸ ਜੀ ਅੱਗੇ ਢਹਿ ਪਏ, ਉਹ ਹਰ ਨਿਰਾਸ਼ੇ ਦੇ ਸਹਾਈ ਹਨ। ਅੱਗੇ ਲਫਜ਼ ਕਿਹੜੇ ਵਰਤੇ ਹਨ, ਪਾਪੀ ਦੋਸ਼ੀ ਦੇ ਸਹਾਈ, ਜਿਸ ਦੀ ਜਗ੍ਹਾ ਹੀ ਕੋਈ ਨਹੀਂ।

***ਪਾਪੀ ਦੋਸ਼ੀ ਦੇ ਸਹਾਈ, ਨਾਮ ਗੁਰੂ ਅਮਰਦਾਸ ਹੈ।***

ਸ੍ਰੀ ਗੋਇੰਦਵਾਲ ਸਾਹਿਬ ਕਿਸੇ ਮਾਈ ਦੇ ਉੱਚੀ ਉੱਚੀ ਰੋਣ ਦੀ ਅਵਾਜ਼ ਆਈ। ਉਸ ਦਾ ਜਵਾਨ ਪੁੱਤਰ ਮਰ ਗਿਆ ਸੀ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਪੁੱਛਦੇ ਹਨ, ਮਾਈ ਰੋ ਕਿਉਂ ਰਹੀ ਹੈਂ? ਸਿੱਖ ਕਹਿਣ ਲੱਗਾ, ਮਾਈ ਦਾ ਜਵਾਨ ਪੁੱਤਰ ਮਰ ਗਿਆ ਹੈ ਤੇ ਸਤਿਗੁਰੂ ਜੀ ਕਹਿੰਦੇ, ਅੱਜ ਤੋਂ ਬਾਅਦ ਜਵਾਨ ਪੁੱਤਰ ਕਿਸੇ ਮਾਂ ਦਾ ਨਹੀਂ ਮਰੇਗਾ। ਕੋਲ ਸਿੱਖ ਬੈਠਾ ਸੀ, ਉਸ ਨੇ ਪੁੱਛ ਲਿਆ, ਕਦੋਂ ਤੱਕ? ਸਤਿਗੁਰੂ ਜੀ ਕਹਿੰਦੇ, ਨਾ ਪੁੱਛਦਾ ਤੇ ਸਦਾ ਤੱਕ ਸੀ ਪਰ ਹੁਣ ਤੂੰ ਪੁੱਛ ਲਿਆ ਹੈ ਤੇ ਜਦ ਤੱਕ ਸਾਡਾ ਸਰੀਰ ਹੈ ਉਦੋਂ ਤੱਕ। ਉਹ ਖੁਸ਼ਬੂ ਭਾਈ ਨੰਦ ਲਾਲ ਜੀ ਦੀ ਕਲਮ 'ਚੋਂ ਆ ਰਹੀ ਹੈ:

***ਮੌਤ ਦਾ ਡਾਹਢਾ ਫਰਿਸ਼ਤਾ ਜਿਸ ਦੇ ਅਧੀਨ ਹੈ।***
***ਨਾਮ ਗੁਰੂ ਅਮਰਦਾਸ ਹੈ।***

ਅੱਗੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਬਾਰੇ ਭਾਈ ਨੰਦ ਲਾਲ ਜੀ ਕੀ ਲਿਖਦੇ ਹਨ:

***ਚਾਰੇ ਦਿਸ਼ਾਵਾਂ ਤੋਂ ਕੋਈ ਆਵੇ, ਗਲੇ ਲਾਉਣ ਵਾਲਾ ਆਤਮਾ ਤੇ ਦੂਜਾ ਭੋਜਨ ਦੇਣ ਵਾਲਾ।***
***ਨਾਮ ਗੁਰੂ ਰਾਮਦਾਸ ਹੈ।***

ਪੰਜਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਬੜੇ ਪਿਆਰੇ ਲਫਜ਼ ਵਰਤੇ ਹਨ ਭਾਈ ਨੰਦ ਲਾਲ ਜੀ ਨੇ:

***ਉੱਚੀ ਦਰਗਾਹ ਦਾ ਲਾਡਲਾ,***
***ਬੇਨਜ਼ੀਰ ਦਰਬਾਰ ਦਾ ਲਾਡਲਾ।***
***ਨਾਮ ਗੁਰੂ ਅਰਜਨ ਦੇਵ ਹੈ।***

ਛੇਵੇਂ ਪਾਤਸ਼ਾਹ ਜੀ ਬਾਰੇ:

***ਬਖਸ਼ੀਸ਼ਾਂ ਦਾ ਰੂਪ, ਮੁਰਝਾਏ ਲੋਕਾਂ ਦੇ ਚਿਹਰੇ ਤੇ ਖੇੜਾ ਲਿਆਉਣ ਵਾਲਾ।***
***ਨਾਮ ਗੁਰੂ ਹਰਿਗੋਬਿੰਦ ਜੀ ਹੈ।***

ਪੰਜਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਬਾਅਦ ਕਈਆਂ ਦੇ ਚਿਹਰੇ ਮੁਰਝਾ ਗਏ ਸਨ। ਛੇਵੇਂ ਪਾਤਸ਼ਾਹ ਜੀ ਨੇ ਮੁਰਝਾਏ ਲੋਕਾਂ ਦੇ ਚਿਹਰੇ ਤੇ ਖੇੜਾ ਲਿਆ ਦਿੱਤਾ। ਇਹ ਭਾਈ ਨੰਦ ਲਾਲ ਜੀ ਗੰਜਨਾਮਾ ਵਿੱਚ ਛੇਵੇਂ ਪਾਤਸ਼ਾਹ ਜੀ ਦੀ ਸਿਫਤ ਵਿੱਚ ਲਿਖਦੇ ਹਨ:

***ਜਿਸ ਦੇ ਨੂਰ ਦੇ ਨਾਲ ਦੋਵੇਂ ਜਹਾਨ ਰੌਸ਼ਨ ਹਨ।***
***ਨਾਮ ਗੁਰੂ ਹਰਿਗੋਬਿੰਦ ਜੀ ਹੈ।***

ਇੱਥੇ ਇਹ ਦੱਸ ਦੇਈਏ ਕਿ ਜਿਹੜੀਆਂ ਵੀ ਸਤਰਾਂ ਆਪ ਜੀ ਨੇ ਉਪਰੋਕਤ ਪੜ੍ਹੀਆਂ ਹਨ। ਉਹ ਭਾਈ ਨੰਦ ਲਾਲ ਜੀ ਦੀ ਬਾਣੀ ਗੰਜਨਾਮਾ ਜੋ ਕਿ ਫਾਰਸੀ ਵਿੱਚ ਉਸ ਦਾ ਪੰਜਾਬੀ ਵਿੱਚ ਅਨੁਵਾਦ ਹੈ ਜੀ।

ਇਸੇ ਤਰ੍ਹਾਂ ਸੱਤਵੇਂ ਪਾਤਸ਼ਾਹ ਜੀ, ਅੱਠਵੇਂ ਪਾਤਸ਼ਾਹ ਜੀ, ਨੌਵੇਂ ਪਾਤਸ਼ਾਹ ਜੀ ਦੀ ਸਿਫਤ ਕਰਦੇ ਕਰਦੇ ਭਾਈ ਨੰਦ ਲਾਲ ਜੀ ਆ ਜਾਂਦੇ ਹਨ, ਦਸਵੇਂ ਪਾਤਸ਼ਾਹ ਜੀ ਤੱਕ। ਦਸਵੇਂ ਪਾਤਸ਼ਾਹ ਜੀ ਬਾਰੇ ਭਾਈ ਨੰਦ ਲਾਲ ਜੀ ਲਿਖਦੇ ਹਨ:

***ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ॥***
***ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ॥***
***ਹੱਕ ਰਾ ਗੰਜੂਰ ਗੁਰੁ ਗੋਬਿੰਦ ਸਿੰਘ॥***
***ਜੁਮਲਾ ਫ਼ੈਜ਼ਿ ਨੂਰ ਗੁਰੁ ਗੋਬਿੰਦ ਸਿੰਘ॥***
***ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ॥***
***ਸ਼ਾਹਿ ਸ਼ਾਹਨਸ਼ਾਹ ਗੁਰੁ ਗੋਬਿੰਦ ਸਿੰਘ॥***

***ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ ॥***
***ਖ਼ਸਮ ਰਾ ਜਾਂ ਕਾਹ ਗੁਰੁ ਗੋਬਿੰਦ ਸਿੰਘ ॥***

ਵੇਖੋ ਗੁਰੂ ਦੇ ਪ੍ਰੇਮ ਵਿੱਚ ਭਿੱਜੀ ਕਲਮ ਭਿਉਂ ਦਿੰਦੀ ਹੈ। ਗੁਰੂ ਦੇ ਪ੍ਰੇਮ ਵਿੱਚ ਭਿੱਜੀ ਰਸਨਾ ਭਿਉਂ ਦਿੰਦੀ ਹੈ। ਭਿੱਜਿਆ ਹਿਰਦਾ ਰੰਗ ਲਗਾ ਦਿੰਦਾ ਹੈ। ਭਿੱਜੀ ਸੁਰਤੀ ਰੰਗ ਲਗਾ ਦਿੰਦੀ ਹੈ। ਇਹ ਭਾਈ ਨੰਦ ਲਾਲ ਜੀ ਵਰਗੀਆਂ ਭਾਵਨਾਵਾਂ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ, ਸਾਨੂੰ ਵੀ ਰੰਗ ਲਗਾਉਣ। 72 ਸਾਲ ਦੇ ਕਰੀਬ ਉਮਰ ਵਿੱਚ ਇਨ੍ਹਾਂ ਨੇ ਚੌਲਾ ਬਦਲਿਆ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਜੀ ਵੱਲੋਂ ਬਖਸ਼ੀ ਭਿੱਜੀ ਰੂਹ ਦੇ ਕਲਮ ਦੇ ਦਰਸ਼ਨ, ਉਨ੍ਹਾਂ ਦੀ ਰਸਨਾ ਵਿੱਚੋਂ ਨਿਕਲੇ ਬੋਲਾਂ ਦੇ ਦਰਸ਼ਨ ਆਪ ਜੀ ਨੇ ਕੀਤੇ ਹਨ। ਆਓ ਜੀ ਇਹ ਪੰਕਤੀਆਂ ਪੜ੍ਹੀਏ ਤੇ ਅਰਦਾਸ ਕਰੋ, ਇਨ੍ਹਾਂ ਦੇ ਜੀਵਨ ਵਿੱਚੋਂ ਕੋਈ ਛਿੱਟਾ ਸਾਡੇ ਜੀਵਨ ਵਿੱਚ ਵੀ ਪਵੇ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***(ਵਾਰ ੧੯, ਪਉੜੀ ੧੨)***

# ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਸਿਫਤਿ ਸਾਲਾਹ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**




**ਚੰਦਾ ਭੇਜਣ ਲਈ ਸਕੈਨ ਕਰੋ ਜੀ**

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

2) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 5 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 195/- ਰੁਪਏ, ਦੋ ਸਾਲ ਦਾ ਚੰਦਾ 350/- ਰੁਪਏ, ਪੰਜ ਸਾਲ ਦਾ ਚੰਦਾ 660/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

**ਚੰਦਾ (ਦੇਸ਼)**

| | |
|---|---|
| ਇੱਕ ਸਾਲ | 150+45=195/- |
| ਦੋ ਸਾਲ | 300+50=350/- |
| ਪੰਜ ਸਾਲ | 600+60=660/- |
| ਲਾਈਫ | 2400+100=2500/- |

**ਨੋਟ: ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿਫਤਿ ਸਾਲਾਹ ਰਸਾਲੇ ਦੇ ਪੰਜ-ਪੰਜ ਮੈਂਬਰ ਬਣਾਓ ਤਾਂ ਜੋ ਗੁਰਸਿੱਖੀ ਦੇ ਪ੍ਰਚਾਰ ਵਿੱਚ ਵਾਧਾ ਹੋ ਸਕੇ।**

# ਆ ਰਹੀ ਹੈ 350 ਸਾਲਾ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ ਨਵੰਬਰ 2025 ਵਿੱਚ ਕਰ ਲਓ ਤਿਆਰੀਆਂ ਇਸੇ ਸ਼ਤਾਬਦੀ ਨੂੰ ਸਮਰਪਿਤ

# ਸਿੱਖਾਂ ਦੇ ਪਿਆਰ ਭਰੇ ਸਵਾਲ ਅਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਗਾਹੀ ਜਵਾਬ

**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ**

1. **ਸਵਾਲ : ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਅੱਗੇ ਭਾਈ ਜੈਤਾ ਜੀ ਨੇ ਬੇਨਤੀ ਕੀਤੀ, ਸਤਿਗੁਰੂ ਜੀ, ਕਰਮਾਂ ਬਾਰੇ ਚਾਨਣਾ ਪਾਓ।**

**ਜਵਾਬ :** ਸਤਿਗੁਰੂ ਜੀ ਨੇ ਕਹਿਣ ਲੱਗੇ, ਜਦੋਂ ਫੁੱਲ ਖਿੜਦਾ ਹੈ, ਖਿੜਨ ਤੋਂ ਬਾਅਦ ਉਸਨੂੰ ਫਲ ਲੱਗਦਾ ਹੈ, ਫਲ ਲੱਗਣ ਤੋਂ ਬਾਅਦ ਫੁੱਲ ਝੜ ਜਾਂਦਾ ਹੈ ਤੇ ਝੜ ਕੇ ਜ਼ਮੀਨ ਤੇ ਡਿੱਗਦਾ ਹੈ। ਜਿਹੜਾ ਫੁੱਲ ਫਲ ਦੇ ਕੇ ਝੜਦਾ ਹੈ, ਜ਼ਮੀਨ ਤੇ ਡਿੱਗਦਾ ਹੈ ਪਰ ਉਸ ਵਿੱਚੋਂ ਬੀਜ ਖਤਮ ਨਹੀਂ ਹੁੰਦੇ। ਜਦੋਂ ਜ਼ਮੀਨ ਤੇ ਡਿੱਗਦਾ ਹੈ, ਉਸ ਮਿੱਟੀ ਵਿੱਚ ਜਿੰਨੇ ਬੀਜ ਮਿਕਸ ਹੋ ਜਾਂਦੇ ਹਨ ਤੇ ਸਮਾਂ ਪਾ ਕੇ ਫਿਰ ਫੁੱਟਦੇ ਹਨ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਕਹਿੰਦੇ, ਕਰਮ ਮਰਦੇ ਨਹੀਂ। ਕਿਸੇ ਨਾ ਕਿਸੇ ਰੂਪ ਵਿੱਚ ਹਰ ਜਨਮ ਵਿੱਚ ਸਾਡੇ ਨਾਲ ਤੁਰੇ ਰਹਿੰਦੇ ਹਨ। ਗੱਲ ਬੜੀ ਡੂੰਘੀ ਹੈ। ਮਿੱਟੀ ਵਿੱਚ ਡਿੱਗਿਆ ਬੀਜ ਇੱਕ ਦਿਨ ਆਖਿਰ ਪੁੰਗਰ ਹੀ ਪੈਂਦਾ ਹੈ ਭਾਵੇਂ ਮਿੱਟੀ ਕਿਤੇ ਹੋਰ ਵੀ ਚਲੀ ਜਾਵੇ, ਉਹ ਬੀਜ ਉੱਥੇ ਹੀ ਫੁੱਟ ਜਾਂਦੇ ਹਨ। ਕਰਮ ਮਿਟਦੇ ਨਹੀਂ, ਕਿਸੇ ਨਾ ਕਿਸੇ ਰੂਪ ਵਿੱਚ ਨਾਲ ਚਲਦੇ ਹਨ।

***

2. **ਸਵਾਲ : ਭਾਈ ਜੈਤਾ ਜੀ ਨੇ ਦੂਸਰਾ ਸਵਾਲ ਕੀਤਾ, ਸਤਿਗੁਰੂ ਜੀ, ਕਰਮਾਂ ਤੋਂ ਛੁਟਕਾਰਾ ਕਿਵੇਂ ਮਿਲੇ?**

**ਜਵਾਬ :** ਸਤਿਗੁਰੂ ਜੀ ਕਹਿੰਦੇ, ਚਾਰ ਕੰਮ ਕਰ ਲਈਏ ਤੇ ਕਰਮਾਂ ਤੋਂ ਛੁਟਕਾਰਾ ਮਿਲ ਸਕਦਾ ਹੈ। ਪਹਿਲਾ ਕੰਮ- (**ਆਪਣੇ ਅੰਦਰ ਇੱਕ ਗੁਣ ਲਿਆਵੇ ਕਿ ਧਰਤੀ ਦੀ ਲੋਕਾਈ ਲਈ ਕਦੀ ਵੀ ਬਿਪਤਾ ਦਾ ਕਾਰਨ ਨਾ ਬਣੇ।**) ਲੋਕਾਈ ਤੋਂ ਭਾਵ ਲੋਕ। ਤੇਰੇ ਕਰਕੇ ਕਿਸੇ ਦੇ ਘਰ ਅੱਗ ਨਾ ਲੱਗੇ। ਤੇਰੇ ਕਰਕੇ ਕਿਸੇ ਘਰ ਬਿਪਤਾ ਨਾ ਬਣੇ।

ਦੂਜਾ ਕੰਮ- (**ਮਨ ਨੀਵਾਂ ਕਰਕੇ ਸੇਵਾ ਕਰਨ ਨਾਲ ਕਰਮ ਸਾਫ ਹੋ ਸਕਦੇ ਹਨ।**)

ਤੀਜਾ ਕੰਮ- (**ਹਉਮੈ ਨੂੰ ਮਾਰੇ।**) ਸਿਰਫ ਉਸਦੇ ਕਰਮ ਸਾਫ ਨਹੀਂ ਹੋ ਸਕਦੇ, ਜਿਸ ਦੀ

ਹਉਮੈ ਨਹੀਂ ਗਈ। ਜੇ ਮੈਂ ਨਾਲ ਹੈ, ਤਾਂ ਮੱਤ ਸੋਚੋ ਕਰਮਾਂ ਤੋਂ ਛੁਟਕਾਰਾ ਮਿਲ ਜਾਵੇਗਾ, ਇਸ ਨੂੰ ਮਾਰਨਾ ਹੀ ਪਵੇਗਾ। ਹਉਮੈ ਨੂੰ ਮਾਰਨ ਨਾਲ ਕਰਮਾਂ ਤੋਂ ਛੁਟਕਾਰੇ ਦੀ ਆਸ ਹੈ।

ਚੌਥਾ ਕੰਮ- (**ਆਪਣੇ ਗੁਰੂ ਨੂੰ ਸਮਰਪਿਤ ਹੋ ਜਾਵੇ।**)

***ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ***
***ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥੨॥***
*(ਅੰਗ ੭੩੫)*

***

3. **ਸਵਾਲ : ਭਾਈ ਜੈਤਾ ਜੀ ਨੇ ਤੀਜਾ ਸਵਾਲ ਕੀਤਾ, ਸਤਿਗੁਰੂ ਜੀ, ਜੀਵਨ ਦਾ ਆਦਰਸ਼ ਕਿਹੋ ਜਿਹਾ ਹੋਵੇ?**

**ਜਵਾਬ** : ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਜਵਾਬ ਦਿੱਤਾ, ਕਹਿਣ ਲੱਗੇ, ਜੀਵਨ ਦਾ ਆਦਰਸ਼ ਵਗਦੇ ਦਰਿਆ ਵਾਂਗ ਬਣਾਓ। ਦਰਿਆ ਵਗਦਾ ਜਾਂਦਾ ਹੈ, ਕਈ ਖੇਤ ਹਰੇ ਕਰੀ ਜਾਂਦਾ ਹੈ। ਸਤਿਗੁਰੂ ਜੀ ਕਹਿੰਦੇ, ਦੂਜਾ ਕਈਆਂ ਦੀ ਪਿਆਸ ਮਿਟਾਈ ਜਾਂਦਾ ਹੈ। ਸਤਿਗੁਰੂ ਜੀ ਕਹਿੰਦੇ, ਤੀਜਾ ਕਈਆਂ ਨੂੰ ਠੰਡਕ ਦਿੰਦਾ ਜਾਂਦਾ ਹੈ। ਸਤਿਗੁਰੂ ਜੀ ਕਹਿੰਦੇ, ਚੌਥਾ ਦਰਿਆ ਤੁਰਿਆ ਜਾਂਦਾ ਹੈ ਤੇ ਕਈ ਉਸ ਵਿੱਚ ਇਸ਼ਨਾਨ ਕਰਕੇ ਆਪਣੀ ਮੈਲ ਧੋਈ ਜਾਂਦੇ ਹਨ। ਕਈ ਬੇੜੀ ਰਾਹੀਂ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਸਮਾਨ ਪਹੁੰਚਾਉਂਦੇ ਹਨ, ਉਨ੍ਹਾਂ ਦੇ ਵੀ ਕੰਮ ਆਈ ਜਾਵੇ।

ਸਤਿਗੁਰੂ ਜੀ ਕਹਿੰਦੇ, ਇਹ ਜੀਵਨ ਦਾ ਆਦਰਸ਼ ਹੋਵੇ, ਤੁਰੀ ਜਾਵੇ, ਠੰਡਕ ਦੇਵੇ, ਸ਼ਾਂਤੀ ਦੇਵੇ, ਭਲਾ ਕਰੇ, ਮੰਜ਼ਿਲ ਪਰਮੇਸ਼ਰ ਹੋਵੇ। ਦਰਿਆ ਭਾਵੇਂ ਤੁਰੀ ਜਾਂਦਾ ਹੈ, ਠੰਡਕ ਦਿੰਦਾ ਹੈ, ਖੇਤ ਹਰੇ ਭਰੇ ਕਰਦਾ ਹੈ ਪਰ ਮੰਜ਼ਿਲ ਸਾਗਰ ਹੈ, ਸਾਗਰ ਵਿੱਚ ਪਹੁੰਚਣਾ ਹੈ।

ਸਿੱਖ ਜੀਵਨ ਵਿੱਚ ਤੁਰਿਆ ਜਾਵੇ, ਸਭ ਨੂੰ ਠੰਡਕ ਦੇਵੇ, ਪਰਉਪਕਾਰ ਕਰੇ ਪਰ ਮੰਜ਼ਿਲ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਹੋਣ, ਮੰਜ਼ਿਲ ਨਾਮ ਹੋਵੇ, ਮੰਜ਼ਿਲ ਨਾ ਭੁੱਲ ਜਾਵੇ। ਇਹ ਕਾਰਜ ਕਰੀ ਜਾਵੇ।

***

4. **ਸਵਾਲ : ਭਾਈ ਜੈਤਾ ਜੀ ਨੇ ਚੌਥਾ ਸਵਾਲ ਕੀਤਾ, ਮਾਇਆ ਬਾਰੇ ਚਾਨਣਾ ਪਾਓ।**

**ਜਵਾਬ** : ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਕਹਿੰਦੇ, (**ਸਿੱਖ ਦਾ ਸੁਭਾਅ ਮਾਇਆ ਜੋੜਨ ਵਾਲੇ ਪਾਸੇ ਨਾ ਜਾਵੇ। ਇਹ ਪਰਉਪਕਾਰ ਤੇ ਵਰਤੀ ਜਾਵੇ।**) ਜੇ ਮਾਇਆ ਪਾਸ ਹੋਵੇ ਤਾਂ ਇਹ ਵੰਡੀ ਜਾਵੇ ਤੇ ਆਪਣਾ ਮੁੱਖ ਨਿਸ਼ਾਨਾ ਭਗਤੀ ਰੱਖੇ। ਮੰਜ਼ਿਲ ਭਗਤੀ, ਸਿਮਰਨ ਹੋਵੇ।

***

5. **ਸਵਾਲ : ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕੁੱਝ ਸਿੱਖਾਂ ਨੇ ਸਵਾਲ ਕੀਤਾ ਮਹਾਰਾਜ ਭਗਤੀ ਕੀ ਹੈ?**

**ਜਵਾਬ** : ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਹਿਲਾ ਜਵਾਬ ਦਿੱਤਾ (**ਹਰ ਉਸ ਸ਼ੈਅ ਵੱਲੋਂ ਚਿੱਤ ਹਟਾਉਣਾ ਜਿਹੜਾ ਵਾਹਿਗੁਰੂ ਵੱਲੋਂ**

**ਤੁਹਾਡਾ ਚਿੱਤ ਹਟਾਉਂਦਾ ਹੈ।)**

ਸਤਿਗੁਰੂ ਜੀ ਨੇ ਦੂਜਾ ਜਵਾਬ ਦਿੱਤਾ **(ਵਾਹਿਗੁਰੂ ਨਾਲ ਇੰਨਾ ਸਨੇਹ (ਪ੍ਰੇਮ) ਕਰਨਾ ਕਿ ਹੋਰ ਸਭ ਕੁਝ ਭੁੱਲ ਜਾਵੇ।)**

***

6. **ਸਵਾਲ : ਸ੍ਰੀ ਅਨੰਦਪੁਰ ਸਾਹਿਬ ਵਿਖੇ ਸੈਫਦੀਨ ਮੁਸਲਮਾਨ ਫਕੀਰ ਨੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਨੂੰ ਸਵਾਲ ਕੀਤਾ ਪਾਪ ਦੀ ਜੜ੍ਹ ਕੀ ਹੈ?**

**ਜਵਾਬ :** ਸਤਿਗੁਰੂ ਜੀ ਨੇ ਜਵਾਬ ਦਿੱਤਾ **(ਹਰ ਕੰਮ ਵਿੱਚੋਂ ਨਿੱਜ ਦਾ ਫਾਇਦਾ ਸੋਚਣਾ, ਇਹ ਪਾਪ ਦੀ ਜੜ੍ਹ ਹੈ।)**

***

7. **ਸਵਾਲ : ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਨੂੰ ਭਾਈ ਮਤੀਦਾਸ ਜੀ ਨੇ ਸਵਾਲ ਕੀਤਾ ਸਿੱਖੀ ਦੀ ਪਹਿਲੀ ਤੇ ਅਖੀਰਲੀ ਪਉੜੀ ਕਿਹੜੀ ਹੈ?**

**ਜਵਾਬ :** ਸਤਿਗੁਰੂ ਜੀ ਨੇ ਜਵਾਬ ਦਿੱਤਾ **(ਆਪਣੇ ਪਿਆਰੇ ਪਾਰਬ੍ਰਹਮ ਪਰਮੇਸ਼ਰ ਦੇ ਗੁਣ ਗਾਉਂਦੇ ਤੇ ਸੁਣਦਿਆਂ ਮਨ ਵਿੱਚ ਭਾਓ ਪੈਦਾ ਹੋ ਜਾਵੇ)** ਇਹ ਪਹਿਲੀ ਪਉੜੀ ਹੈ। **(ਉਹਦੀ ਯਾਦ ਕਿਸੇ ਸਮੇਂ ਵੀ ਵਿਸਰੇ ਨਾ)** ਇਹ ਅਖੀਰਲੀ ਪਉੜੀ ਹੈ।

***

8. **ਸਵਾਲ : ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਨੂੰ ਕੁਝ ਸਿੱਖਾਂ ਨੇ ਸਵਾਲ ਕੀਤਾ, ਸਭ ਤੋਂ ਉੱਤਮ ਕਰਮ ਕੀ ਹੈ?**

**ਜਵਾਬ :** ਸਤਿਗੁਰੂ ਜੀ ਨੇ ਜਵਾਬ ਦਿੱਤਾ **(ਜੋ ਕੁਝ ਵੀ ਤੁਹਾਡੇ ਕੋਲ ਹੈ, ਲੋੜਵੰਦਾਂ ਨੂੰ ਵੰਡੀ ਜਾਣਾ ਤੇ ਇਕੱਠਾ ਕੇਵਲ ਨਾਮ ਧਨ ਹੀ ਕਰਨਾ)** ਇਹ ਸਭ ਤੋਂ ਉੱਤਮ ਕਰਮ ਹੈ।

***

## - ਸਿਮਰਨ ਅਭਿਆਸ ਸੰਬੰਧੀ ਬਚਨ -

**ਸੰਤ ਗਿਆਨੀ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮਹਾਂਪੁਰਸ਼ਾਂ ਦੇ ਸਿਮਰਨ ਅਭਿਆਸ ਸੰਬੰਧੀ ਬਚਨ-**

**ਪਹਿਲਾਂ ਜਗਿਆਸੂ ਉੱਚੀ ਉੱਚੀ ਸਿਮਰਨ ਕਰਦਾ ਹੈ ਜਾਂ ਗੁਰਬਾਣੀ ਪੜ੍ਹਦਾ ਹੈ।**
**ਫਿਰ ਬੁੱਲ੍ਹ ਨਹੀਂ ਹਿਲਦੇ, ਇਕੱਲੀ ਜੀਭ ਹੀ ਨਾਮ ਅਭਿਆਸ ਕਰਦੀ ਹੈ।**
**ਸਮਾਂ ਪਾ ਕੇ ਫਿਰ ਜੀਭ ਤੇ ਕੰਠ ਵੀ ਹਿੱਲਣੋਂ ਹੱਟ ਜਾਂਦੇ ਹਨ।**
**ਲਿਵ ਕਰਤਾਰ ਨਾਲ ਜੁੜੀ ਰਹਿੰਦੀ ਹੈ।**
**ਫਿਰ ਹਰ ਇੱਕ ਰੋਮ ਵਿੱਚੋਂ ਵਾਹਿਗੁਰੂ ਦੀ ਧੁਨੀ ਸੁਣਾਈ ਦਿੰਦੀ ਹੈ।**

*—ਸਿਫਤਿ ਸਾਲਾਹ ਸੰਪਾਦਕ*

# ਸਵਾਲ ਜਵਾਬ ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

**48. ਸਵਾਲ: ਸਤਿਕਾਰਯੋਗ ਵੀਰ ਜੀ, ਇਹ ਆਮ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਕਿਸੇ ਨੂੰ ਗੁਰੂ ਸਾਹਿਬ ਤੁੱਠ ਕੇ ਦੁਨਿਆਵੀ ਦਾਤਾਂ ਵਿੱਚ ਵਾਧਾ ਬਖਸ਼ਦੇ ਹਨ ਤੇ ਉਨ੍ਹਾਂ ਵਿੱਚ ਜ਼ਿਆਦਾ ਰੁੱਝ ਜਾਣ ਕਰਕੇ ਉਸ ਦਾ ਨਿਤਨੇਮ ਪਹਿਲਾਂ ਨਾਲੋਂ ਘੱਟ ਜਾਂਦਾ ਹੈ। ਅਜਿਹੇ ਸਮੇਂ ਸਿੱਖ ਦਾ ਕੀ ਫਰਜ਼ ਬਣਦਾ ਹੈ?**

**ਜਵਾਬ:** ਜੀ ਹਾਂ, ਇਹ ਠੀਕ ਹੈ ਕਿ ਬਹੁਤ ਸਾਰੇ ਸਰੀਰਾਂ ਵਿੱਚ ਆਮ ਤੌਰ 'ਤੇ ਦੇਖਣ ਵਿੱਚ ਆਉਂਦਾ ਹੈ ਜਦ ਕਿਸੇ ਦੇ ਵਪਾਰ ਵਿੱਚ ਵਾਧਾ ਹੁੰਦਾ ਹੈ ਤਾਂ ਉਸ ਦਾ ਨੇਮ ਘੱਟ ਜਾਂਦਾ ਹੈ ਤੇ ਇਹ ਹਾਲਤ ਹੋ ਜਾਂਦੀ ਹੈ:

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥***

*(ਅੰਗ ੬੭੬)*

ਮਿਲੀਆਂ ਹੋਈਆਂ ਦੁਨਿਆਵੀ ਦਾਤਾਂ ਉਦੋਂ ਹੀ ਸੁੱਖ ਦੇਣਗੀਆਂ ਜਦੋਂ ਉਨ੍ਹਾਂ ਨੂੰ ਗੁਰਬਾਣੀ ਦੀ ਵਾੜ ਲਗੇਗੀ ਭਾਵ ਕਿ ਸਿੱਖ ਦੇ ਨਿਤਨੇਮ ਵਿੱਚ ਵਾਧਾ ਹੋਵੇਗਾ। ਨਹੀਂ ਤਾਂ ਫਿਰ ਜਿਵੇਂ ਗੁਰਬਾਣੀ ਵਿੱਚ ਰੋਜ਼ ਪੜ੍ਹਦੇ ਹਾਂ:

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥***

*(ਅੰਗ ੪੬੯)*

ਇਸ ਲਈ ਸਿੱਖ ਇਸ ਪੱਖ ਤੋਂ ਸੁਚੇਤ ਰਹੇ ਕਿ ਜਿਵੇਂ ਜਿਵੇਂ ਦੁਨਿਆਵੀ ਦਾਤਾਂ ਵੱਧਣ, ਨੇਮ ਘੱਟਣ ਦੀ ਬਜਾਏ ਹੋਰ ਵਧੇ ਤੇ ਇਸ ਨੇਮ ਲਈ ਸਮਾਂ ਕਿਵੇਂ ਕੱਢਣਾ ਹੈ, ਇਹ ਸਿੱਖ ਨੇ ਆਪਣੇ ਦਿਨ ਦੀ ਕਿਰਿਆ ਵਿੱਚ ਐਡਜੈਸਟਮੈਂਟ ਕਰਨੀ ਹੈ। ਮਿਸਾਲ ਦੇ ਤੌਰ ਤੇ ਜਿਵੇਂ ਕੋਈ ਅੰਮ੍ਰਿਤ ਵੇਲੇ 4 ਵਜੇ ਉੱਠਦਾ ਹੈ ਤੇ ਉਸਨੂੰ ਦੁਨਿਆਵੀ ਦਾਤ ਮਿਲਣ ਉਪਰੰਤ ਜਿੰਨਾ ਨੇਮ ਵਧਾਇਆ ਹੈ, ਉਹ ਨੇਮ ਕਰਨ ਲਈ 4 ਵਜੇ ਉੱਠਣ ਦੀ ਥਾਂ ਓਨਾ ਸਮਾਂ ਪਹਿਲਾਂ ਉੱਠ ਪਵੇ ਤਾਂ ਕਿ ਦਿਨ ਵੇਲੇ ਜੋ ਰੁਝੇਵਿਆਂ ਕਾਰਨ ਸਮਾਂ ਨਹੀਂ ਮਿਲਦਾ ਤਾਂ ਉਹ ਸਮਾਂ ਅੰਮ੍ਰਿਤ ਵੇਲੇ ਕਵਰ ਹੋ ਸਕੇ।

ਸੰਤ ਸੁਜਾਨ ਸਿੰਘ ਜੀ ਦਿੱਲੀ ਕਰੋਲ ਬਾਗ ਅਸਥਾਨ 'ਤੇ ਕੀਰਤਨ ਕਰ ਰਹੇ ਸਨ। ਇੱਕ ਨੌਜਵਾਨ ਮੱਥਾ ਟੇਕ ਰਿਹਾ ਸੀ, ਧੰਨ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਨੂੰ ਤੇ ਉਨ੍ਹਾਂ ਦਾ ਖਿਆਲ ਚਲਾ ਗਿਆ ਕਿ ਇਹ ਨੌਜਵਾਨ ਦੋ-ਤਿੰਨ ਮਹੀਨਿਆਂ ਬਾਅਦ ਗੁਰੂ ਘਰ ਆਇਆ ਹੈ। ਸਮਾਪਤੀ ਤੋਂ ਬਾਅਦ ਕੁਦਰਤੀ ਉਹ ਨੌਜਵਾਨ ਸਾਹਮਣੇ ਆ ਗਿਆ ਤੇ ਸੰਤ ਜੀ ਪੁੱਛਣ ਲੱਗੇ ਕਿ ਅੱਜ-ਕੱਲ੍ਹ ਤੂੰ ਸੰਗਤ ਵਿੱਚ ਨਹੀਂ ਆ ਰਿਹਾ। ਉਹ ਸਰੀਰ ਕਹਿਣ ਲੱਗਾ, ਮੈਂ ਕਾਰੋਬਾਰ ਵਧਾਉਣ ਲਈ ਦੋ-ਤਿੰਨ ਏਜੰਸੀਆਂ ਹੋਰ ਲੈ ਲਈਆਂ ਹਨ ਤੇ ਮੇਰੇ ਵਪਾਰ ਦਾ ਖਿਲਾਰਾ ਇੰਨਾ ਵੱਧ ਗਿਆ ਹੈ ਕਿ ਸੰਗਤ ਵਿੱਚ ਆਉਣ ਵਾਸਤੇ ਹੁਣ ਟਾਈਮ ਨਹੀਂ ਮਿਲਦਾ। ਮਹਾਂਪੁਰਸ਼ਾਂ ਨੇ ਉਸ ਦੀ ਬਾਂਹ ਫੜ ਲਈ ਤੇ ਕਹਿਣ ਲੱਗੇ ਕਿ ਆ ਫਿਰ, ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਚੱਲ ਕੇ ਤੇਰੀ ਅਰਦਾਸ ਕਰੀਏ ਕਿ ਸਤਿਗੁਰੂ ਜੀ, ਤੇਰਾ ਕੰਮ ਘਟਾ ਦੇਣ। ਉਸ ਨੇ ਬਾਂਹ ਖਿੱਚ ਲਈ ਤੇ ਕਹਿਣ ਲੱਗਾ, ਜੀ ਇਹ ਵੀ ਕੋਈ ਅਰਦਾਸ ਕਰਦਾ ਹੈ ਕਿ ਕੰਮ ਘਟਾ ਦਿਓ। ਮਹਾਂਪੁਰਸ਼ ਕਹਿਣ ਲੱਗੇ ਕਿ ਹੁਣ ਤਾਂ ਬਣਦੀ ਹੈ ਇਹ ਅਰਦਾਸ ਕਰਨੀ ਕਿਉਂਕਿ ਜ਼ਿਆਦਾ ਵਪਾਰਕ ਖਲ੍ਹੇਰੇ ਨੇ ਤੈਨੂੰ ਨੇਮ ਨਾਲੋਂ ਤੋੜ ਦਿੱਤਾ ਹੈ। ਗੁਰਸਿੱਖ ਉਹ ਹੈ ਕਿ ਜੇ ਵਾਹਿਗੁਰੂ ਨੇ ਬਖਸ਼ਿਸ਼ ਕਰਕੇ ਉਸ ਦੇ ਵਪਾਰ ਵਿੱਚ ਵਾਧਾ ਕੀਤਾ ਹੈ ਤਾਂ ਪਹਿਲੇ ਨਾਲੋਂ ਉਸ ਦਾ ਨੇਮ ਵੱਧ ਜਾਣਾ ਚਾਹੀਦਾ ਹੈ ਤਾਂ ਕਿ ਗੁਰਬਾਣੀ ਦੀ ਵਾੜ ਲੱਗੀ ਰਹੇ।

ਦਾਸ ਨੂੰ ਅੰਮ੍ਰਿਤਸਰ ਵਿੱਚ ਇੱਕ ਪਰਿਵਾਰ ਨੇ ਆਪਣੀ ਫੈਕਟਰੀ ਵਿੱਚ ਬੁਲਾਇਆ। ਦਾਸ ਜਦੋਂ ਉਨ੍ਹਾਂ ਦੀ ਫੈਕਟਰੀ ਵਿੱਚ ਪਹੁੰਚਿਆ ਤੇ ਇੰਨੀ ਵੱਡੀ ਫੈਕਟਰੀ ਵੇਖ ਕੇ ਬਹੁਤ ਹੈਰਾਨ ਹੋ ਗਿਆ, ਕਿਉਂਕਿ ਪਹਿਲਾਂ ਉਨ੍ਹਾਂ ਦੀ ਇੱਕ ਛੋਟੀ ਜਿਹੀ ਦੁਕਾਨ ਸੀ ਤੇ ਇਕਦਮ ਫਿਰ ਵੱਡੀ ਫੈਕਟਰੀ ਲੱਕੜੀ ਦੇ ਬੋਰਡਾਂ ਦੀ ਬਣਾ ਲਈ। ਦਾਸ ਨੇ ਫਿਰ ਉਨ੍ਹਾਂ ਦੇ ਦਫਤਰ ਵਿੱਚ ਜਾ ਕੇ ਬੇਨਤੀ ਕੀਤੀ ਕਿ ਜਦੋਂ ਤੁਸੀਂ ਆਪਣੀ ਫੈਕਟਰੀ ਵਿੱਚ ਆਉਂਦੇ ਹੋ ਤਾਂ ਯਤਨ ਕਰੋ ਰੋਜ਼ਾਨਾ ਇੱਕ ਪਾਠ ਸ੍ਰੀ ਸੁਖਮਨੀ ਸਾਹਿਬ ਦਾ ਦਫ਼ਤਰ ਵਿੱਚ ਆਪਣੀ ਕੁਰਸੀ ਤੇ ਬੈਠ ਕੇ ਜ਼ਰੂਰ ਹਾਜ਼ਰੀ ਲਗਾਇਆ ਕਰੋ ਤਾਂ ਕਿ ਫੈਕਟਰੀ ਨੂੰ ਵੀ ਬਾਣੀ ਦੀ ਵਾੜ ਲੱਗੀ ਰਹੇ। ਇਸ ਕਰਕੇ ਗੁਰਸਿੱਖ ਲਈ ਜ਼ਰੂਰੀ ਹੈ ਕਿ ਜਿਵੇਂ ਜਿਵੇਂ ਸਤਿਗੁਰੂ ਜੀ ਬਖਸ਼ਿਸ਼ ਕਰਕੇ ਦਾਤਾਂ ਦੇਣ, ਉਸੀ ਤਰ੍ਹਾਂ ਆਪਣਾ ਨੇਮ ਵਧਾਈ ਜਾਓ। ਫਿਰ ਕੋਈ ਵਿਘਨ ਨਹੀਂ ਪਵੇਗਾ ਕਿਉਂਕਿ ਉਸ ਦਾਤ ਨੂੰ ਗੁਰਬਾਣੀ ਦੀ ਵਾੜ ਲੱਗ ਗਈ ਹੈ।

***

**49. ਸਵਾਲ: ਸਤਿਕਾਰਯੋਗ ਵੀਰ ਜੀ, ਇੱਕ ਸਿੱਖ ਵਿੱਚ ਨਿਮਰਤਾ ਕਿਸ ਹੱਦ ਤੱਕ ਹੋਣੀ ਚਾਹੀਦੀ ਹੈ ਜਾਂ ਇੰਝ ਕਹਿ ਲਈਏ ਕਿ ਨਿਮਰਤਾ ਦਾ ਸਿਖਰ ਕੀ ਹੈ?**

**ਜਵਾਬ:** ਬਾਬਾ ਈਸ਼ਰ ਸਿੰਘ ਜੀ ਦਾ ਜੀਵਨ ਪੜ੍ਹੀਏ ਤੇ ਉਨ੍ਹਾਂ ਦੇ ਜੀਵਨ ਵਿੱਚੋਂ ਇਹ ਸੁਮੱਤ ਮਿਲਦੀ ਹੈ ਉਨ੍ਹਾਂ ਨੂੰ ਵੀ ਕਿਸੇ ਜਗਿਆਸੂ ਨੇ ਬਚਨ ਕੀਤਾ ਸੀ ਕਿ ਨਿਮਰਤਾ ਦਾ ਸਿਖਰ ਕੀ ਹੈ? ਬਾਬਾ ਜੀ ਨੇ ਦ੍ਰਿਸ਼ਟਾਂਤ ਦਿੰਦਿਆਂ ਦੱਸਿਆ ਕਿ ਨਦੀ ਦੇ ਦੋ ਕਿਨਾਰੇ ਹਨ। ਇੱਕ ਉਰਲਾ ਕਿਨਾਰਾ ਹੈ ਅਤੇ ਦੂਸਰਾ ਪਰਲਾ ਕਿਨਾਰਾ ਹੈ। ਫਿਰ ਬਾਬਾ ਜੀ ਨੇ ਆਪਣਾ ਹਜ਼ੂਰੀਆ ਉਸ ਸਰੀਰ ਦੇ ਚਰਨਾਂ ਨਾਲ ਲਗਾ ਕੇ ਕਿਹਾ ਕਿ ਇਹ ਨਦੀ ਦਾ ਉਰਲਾ ਕਿਨਾਰਾ ਹੈ ਭਾਵ ਕਿ ਇਹ ਨਿਮਰਤਾ ਦੀ ਸ਼ੁਰੂਆਤ ਹੈ। ਉਸ ਸਰੀਰ ਨੇ ਪੁੱਛਿਆ ਕਿ ਨਦੀ ਦਾ ਪਰਲਾ ਕਿਨਾਰਾ ਕੀ ਹੈ ਭਾਵ ਕਿ ਨਿਮਰਤਾ ਦਾ ਸਿਖਰ ਕੀ ਹੈ, ਤਾਂ ਬਾਬਾ ਜੀ ਨੇ ਸੁਮੱਤ ਦਿੰਦਿਆਂ ਦੱਸਿਆ ਕਿ ਇਸ ਬਾਰੇ ਕੋਈ ਨਹੀਂ ਦੱਸ ਸਕਦਾ।

***



## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਗੁਰਦੁਆਰਾ ਕਰਮਸਰ ਰਾੜਾ ਸਾਹਿਬ ਵਿਖੇ ਮਹਾਂਪੁਰਖਾਂ ਦੇ ਆਉਣ ਤੇ ਇਲਾਕੇ ਦੀ ਸੰਗਤ ਦਰਸ਼ਨਾਂ ਲਈ ਆਉਣ ਲੱਗੀ। 6 ਮਈ 1951 ਨੂੰ ਆਪ ਜੀ ਇੰਡੀਆ ਆਏ ਸਨ। ਮਹਾਂਪੁਰਖਾਂ ਦੀ ਮੌਜ ਕੋਈ ਐਸਾ ਦਰਗਾਹੀ ਹੁਕਮ ਹੀ ਸੀ, ਆਪ ਜੀ ਲਗਭਗ 20 ਕੁ ਦਿਨ ਕਰਮਸਰ ਰਾੜਾ ਸਾਹਿਬ ਰਹੇ, 25 ਮਈ ਦੀ ਫਲਾਇਟ ਰਾਹੀਂ ਫਿਰ ਅਫ਼ਰੀਕਾ ਚਲੇ ਗਏ।

ਜਿਸ ਵੇਲੇ ਮਹਾਂਪੁਰਖ ਨੈਰੋਬੀ ਪਹੁੰਚੇ ਉਸ ਵੇਲੇ ਏਅਰਪੋਰਟ ਤੇ ਸੰਗਤ ਦੀ ਬੇਅੰਤ ਇਕੱਤਰਤਾ ਹੋ ਗਈ ਸੀ। ਪੁਲਿਸ ਨੂੰ ਵੀ ਉਚੇਚਾ ਪ੍ਰਬੰਧ ਕਰਨਾ ਪਿਆ। ਮਹਾਂਪੁਰਖਾਂ ਨੂੰ ਬੜੇ ਸਤਿਕਾਰ ਨਾਲ ਪੁਲਿਸ ਕਾਰ ਤੱਕ ਲੈ ਕੇ ਗਈ। ਸੰਗਤ ਵਿੱਚ ਮਹਾਂਪੁਰਖਾਂ ਦੇ ਆਉਣ ਦੀ ਬੇਅੰਤ ਖੁਸ਼ੀ ਸੀ।

ਇਸ ਵਾਰ ਮਹਾਂਪੁਰਖ ਨਾਕੂਰੂ ਸ਼ਹਿਰ ਦੀ ਸੰਗਤ ਦੀ ਬੇਨਤੀ ਕਰਨ ਤੇ ਜੱਥੇ ਸਮੇਤ ਇੱਥੇ ਆਏ ਸਨ। ਨਾਕੂਰੂ ਇਸ ਸਮੇਂ ਕੀਨੀਆ ਦਾ ਚੌਥਾ ਸਭ ਤੋਂ ਵੱਡਾ ਸ਼ਹਿਰ ਹੈ। ਨੈਰੋਬੀ ਤੋਂ ਇਸ ਦੀ ਦੂਰੀ ਲਗਭਗ 190 ਕਿਲੋਮੀਟਰ ਹੈ। ਇਹ ਸ਼ਹਿਰ ਅੰਗਰੇਜ਼ ਅਫਸਰਾਂ ਦੁਆਰਾ 1904 ਵਿੱਚ ਵਸਾਇਆ ਗਿਆ ਸੀ। ਇੱਥੇ ਸਿੱਖਾਂ ਦੀ ਆਬਾਦੀ ਇੱਕ ਹਜ਼ਾਰ ਤੋਂ ਉੱਪਰ ਸੀ। ਮਹਾਂਪੁਰਖਾਂ ਵੱਲੋਂ ਦੀਵਾਨਾਂ ਵਿੱਚ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤ ਨੂੰ ਗੁਰ ਚਰਨਾਂ ਨਾਲ ਜੋੜਨ ਦੀ ਸੇਵਾ ਦਾ ਪ੍ਰਵਾਹ ਨਾਕੂਰੂ ਵਿੱਚ ਵੀ ਅਰੰਭ ਹੋ ਗਿਆ। ਬੇਅੰਤ ਸੰਗਤ ਜੁੜਨ ਲੱਗੀ। ਭਾਵੇ ਕਿ ਸਿੱਖ ਪਰਿਵਾਰ ਵਿੱਚ ਜਨਮ ਲੈਣ ਵਾਲੇ ਜੀਵ ਨੇ ਕਿਸੇ ਨਾ ਕਿਸੇ ਰੂਪ ਵਿੱਚ ਮਨੁੱਖਾ ਜਨਮ ਦੇ ਮਹਾਤਮ ਅਤੇ ਉਦੇਸ਼ ਬਾਰੇ ਜ਼ਰੂਰ ਸੁਣਿਆ ਹੁੰਦਾ ਹੈ, ਪਰ ਆਮ ਤੌਰ ਤੇ ਇਹ ਗੱਲ ਨਿਸ਼ਚੇ ਵਿੱਚ ਨਹੀਂ ਆਉਂਦੀ। ਗੁਰਮੁਖਾਂ- ਮਹਾਂਪੁਰਖਾਂ ਦੀ ਸੰਗਤ ਵਿੱਚ ਆ ਕੇ ਅਵੇਸਲਾਪਣ ਦੂਰ ਹੁੰਦਾ ਹੈ। ਜਗਿਆਸਾ ਜਾਗਦੀ ਹੈ। ਉੱਦਮ ਪੈਦਾ ਹੁੰਦਾ ਹੈ। ਮਹਾਂਪੁਰਖਾਂ ਦੇ ਬਚਨ ਸਰਵਣ ਕਰਕੇ ਸੰਗਤ ਵਿੱਚ ਖੰਡੇ ਦੀ ਪਾਹੁਲ ਛੱਕਣ ਦੀ ਅਭਿਲਾਖਾ ਪੈਦਾ ਹੁੰਦੀ। ਜਿੱਥੇ-ਜਿੱਥੇ ਵੀ ਦੀਵਾਨ ਸਜਦੇ ਅੰਮ੍ਰਿਤ ਸੰਚਾਰ ਵੀ ਹੁੰਦਾ।

ਸ੍ਰ. ਭਗਤ ਸਿੰਘ ਬਹੁਤ ਸ਼ਰਧਾਵਾਨ ਅਤੇ ਨੇਕ ਇਨਸਾਨ ਸੀ। ਪ੍ਰਾਲਬਧ ਦੀ ਖੇਡ, ਉਸਦੇ ਪੁੱਤਰ ਨੂੰ ਦੌਰੇ ਪੈਂਦੇ ਸਨ। ਇਲਾਜ ਦੇ ਬੜੇ ਯਤਨ ਕੀਤੇ, ਪਰ ਖਾਸ ਫ਼ਰਕ ਨਹੀਂ ਪਿਆ। ਸੰਤਾਨ ਨੂੰ ਐਸਾ ਕੋਈ ਰੋਗ ਹੋਵੇ ਤਾਂ ਮਾਪਿਆਂ ਦੀ ਜੋ ਮਨੋਦਸ਼ਾ ਹੁੰਦੀ ਹੈ, ਉਹ ਖੁਦ ਹੀ ਜਾਣਦੇ ਹਨ। ਸ੍ਰ. ਭਗਤ ਸਿੰਘ ਨੇ ਮਹਾਂਪੁਰਖਾਂ ਪਾਸ ਬੇਨਤੀ ਕੀਤੀ। ਮਹਾਂਪੁਰਖਾਂ ਨੇ ਬਚਨ ਕੀਤਾ, "ਧੰਨ ਗੁਰੂ ਨਾਨਕ ਮਹਾਰਾਜ ਜੀ ਕਿਰਪਾ ਕਰਨਗੇ।"

ਕਿਰਪਾ ਹੋਈ ਉਸ ਤੋਂ ਬਾਅਦ ਸ੍ਰ. ਭਗਤ ਸਿੰਘ ਦੇ ਪੁੱਤਰ ਨੂੰ ਦੌਰਾ ਨਹੀਂ ਪਿਆ। ਜਿਹੜੇ ਰੋਗ ਦੇ ਠੀਕ ਹੋਣ ਤੋਂ ਡਾਕਟਰ ਇਨਕਾਰ ਕਰ ਚੁੱਕੇ ਸਨ, ਉਹ ਪੂਰੀ ਤਰ੍ਹਾਂ ਠੀਕ ਹੋ ਗਿਆ ਸੀ। ਸਾਰੇ

ਪਰਿਵਾਰ ਦੀ ਸ਼ਰਧਾ ਕਈ ਗੁਣਾ ਵੱਧ ਗਈ।

ਕੁਝ ਪ੍ਰੇਮੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਲਈ ਵੀ ਬੇਨਤੀ ਕੀਤੀ ਜਾਂਦੀ। ਘਰਾਂ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਸਮੇਂ ਦੀਵਾਨ ਵੀ ਸਜਦੇ। ਮਹਾਂਪੁਰਖਾਂ ਵੱਲੋਂ ਗੁਰਮਤਿ ਵਿਚਾਰਾਂ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ ਜਾਂਦਾ। ਸਕੂਨ ਅਤੇ ਆਤਮਿਕ ਸ਼ਾਂਤੀ ਦੀ ਲੋਚਾ ਰੱਖਣ ਵਾਲਿਆਂ ਦੇ ਜਾਣੋ ਭਾਗ ਜਾਗ ਪਏ ਸਨ।

ਨਾਕੂਰੂ ਤੋਂ ਬਾਅਦ ਐਲਡੋਰੇਟ ਅਤੇ ਕੁੱਸਮੂ ਸ਼ਹਿਰਾਂ ਵਿਖੇ ਦੀਵਾਨ ਸਜੇ। ਅੰਮ੍ਰਿਤ ਸੰਚਾਰ ਹੋਏ। ਇਸ ਤੋਂ ਬਾਅਦ ਜਿੰਜਾ ਸ਼ਹਿਰ ਦੀ ਸੰਗਤ ਦੀ ਬੇਨਤੀ ਤੇ ਮਹਾਂਪੁਰਖਾਂ ਨੇ ਸਮਾਂ ਦੇ ਦਿੱਤਾ। ਜਿੰਜਾ ਸ਼ਹਿਰ ਯੁਗਾਂਡਾ ਦੇਸ਼ ਵਿੱਚ ਹੈ। ਦੋਨਾਂ ਦੇਸ਼ਾਂ ਵਿੱਚ ਉਸ ਵੇਲੇ ਅੰਗਰੇਜ਼ਾਂ ਦਾ ਰਾਜ ਸੀ। ਇੱਥੇ ਮਹਾਂਪੁਰਖਾਂ ਦੀ ਰਿਹਾਇਸ਼ ਦਾ ਪ੍ਰਬੰਧ ਸ੍ਰ. ਇੰਦਰ ਸਿੰਘ ਦੇ ਘਰ ਕੀਤਾ ਗਿਆ। ਜੱਥੇ ਦੀ ਰਿਹਾਇਸ਼ ਦਾ ਪ੍ਰਬੰਧ ਨੇੜੇ ਹੀ ਸ੍ਰ. ਬਖਸ਼ੀਸ਼ ਸਿੰਘ ਦੇ ਘਰ ਸੀ। ਸ੍ਰ. ਇੰਦਰ ਸਿੰਘ ਤੇ ਆਰਥਿਕ ਪੱਖੋਂ ਬੜੀ ਕਿਰਪਾ ਸੀ। ਗੰਨੇ ਦੀਆਂ ਮਿੱਲਾਂ ਤੋਂ ਇਲਾਵਾ ਕਈ ਇਲਾਕਿਆਂ ਵਿੱਚ ਲੱਕੜ ਦੇ ਕੰਮ ਦੇ ਠੇਕੇ ਵੀ ਲਏ ਹੋਏ ਸਨ। ਵੱਡੀ ਕਿਰਪਾ ਇਹ ਸੀ ਕਿ ਸ਼ਰਧਾਲੂ ਵੀ ਸੀ। ਬੜੇ ਪ੍ਰੇਮ ਨਾਲ ਸੇਵਾ ਵਿੱਚ ਹਾਜ਼ਰ ਰਹਿੰਦਾ।

ਸ੍ਰ. ਬਖਸ਼ੀਸ਼ ਸਿੰਘ, ਜਿਸਦੇ ਘਰ ਜੱਥੇ ਦੀ ਰਿਹਾਇਸ਼ ਸੀ, ਵੀ ਆਰਥਿਕ ਪੱਖੋਂ ਖੁਸ਼ਹਾਲ ਸੀ, ਪਰ ਘਰ ਵਿੱਚ ਔਲਾਦ ਨਹੀਂ ਸੀ। ਉਸਨੇ ਮਹਾਂਪੁਰਖਾਂ ਨੂੰ ਬੇਨਤੀ ਕਰਕੇ ਘਰ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਇਆ। ਤਿੰਨੇ ਦਿਨ ਦੀਵਾਨ ਸਜੇ। ਸੰਗਤ ਨੇ ਹਾਜ਼ਰੀ ਭਰੀ। ਬਖਸ਼ੀਸ਼ ਸਿੰਘ ਅਤੇ ਉਸਦੀ ਪਤਨੀ ਨੇ ਬਹੁਤ ਅਦਬ ਅਤੇ ਭਾਵਨਾ ਨਾਲ ਸੇਵਾ ਕੀਤਾ। ਭੋਗ ਵਾਲੇ ਦਿਨ ਦੀਵਾਨ ਦੀ ਸਮਾਪਤੀ ਤੋਂ ਬਾਅਦ ਬਾਬਾ ਜੀ ਕੁਝ ਸਮਾਂ ਇਲਾਕੇ ਦੀਆਂ ਸੰਗਤਾਂ ਨੂੰ ਦਿੰਦੇ ਸਨ। ਕਿਸੇ ਪ੍ਰੇਮੀ ਨੇ ਕੀਰਤਨ ਦੀਵਾਨ ਜਾਂ ਅਖੰਡ ਪਾਠ ਦਾ ਸਮਾਂ ਲੈਣ ਜਾਂ ਕਿਸੇ ਜਗਿਆਸਾ ਆਦਿ ਦੀ ਬੇਨਤੀ ਕਰ ਸਕਦਾ ਸੀ। ਸ੍ਰ. ਬਖਸ਼ੀਸ਼ ਸਿੰਘ ਅਤੇ ਉਸਦੀ ਪਤਨੀ ਨੇ ਪੁੱਤਰ ਪ੍ਰਾਪਤੀ ਦੀ ਇੱਛਾ ਬੇਨਤੀ ਦੁਆਰਾ ਪ੍ਰਗਟ ਕੀਤੀ। ਬਾਬਾ ਜੀ ਨੇ ਇੱਕ ਮੁੱਠ ਬਦਾਮਾਂ ਦੀ ਝੋਲੀ ਵਿੱਚ ਪਾ ਦਿੱਤੀ। ਬਚਨ ਕਰਦਿਆਂ ਬਾਬਾ ਜੀ ਨੇ ਇੱਕ ਮੁੱਠ ਬਦਾਮਾਂ ਦੀ ਹੋਰ ਝੋਲੀ ਵਿੱਚ ਪਾ ਦਿੱਤੀ। ਇਸ ਤੋਂ ਬਾਅਦ ਤੀਸਰੀ ਫਿਰ ਚੌਥੀ, ਫਿਰ ਪੰਜਵੀਂ, ਫਿਰ ਛੇਵੀਂ ਵਾਰ ਬਦਾਮਾਂ ਦਾ ਪਰਸ਼ਾਦਿ ਝੋਲੀ ਵਿੱਚ ਪਾ ਦਿੱਤਾ। ਦੋਨੇ ਪਤੀ-ਪਤਨੀ ਰਮਜ਼ ਤੋਂ ਅਣਜਾਣ ਖੁਸ਼ੀ ਵਿੱਚ ਮੁਸਕਰਾ ਰਹੇ ਸਨ। ਹੁਣ ਬਾਬਾ ਜੀ ਨੇ ਸੱਤਵੀਂ ਵਾਰ ਬਦਾਮਾਂ ਦਾ ਪਰਸ਼ਾਦਿ ਦਿੰਦਿਆਂ ਬਚਨ ਕੀਤਾ, "ਬਸ ਕਿ ਹੋਰ?" ਹੁਣ ਬਖਸ਼ੀਸ਼ ਸਿੰਘ ਦੇ ਰਮਜ਼ ਸਮਝ ਲੱਗੀ। ਝੱਟ ਕਿਹਾ, "ਬਸ ਬਾਬਾ ਜੀ!"

ਸਮਾਂ ਪਾ ਕੇ ਬਖਸ਼ੀਸ਼ ਸਿੰਘ ਦੇ ਘਰ ਸੱਤ ਪੁੱਤਰਾਂ ਨੇ ਜਨਮ ਲਿਆ। ਯੁਗਾਂਡਾ ਦੇ ਹੀ ਸ਼ਹਿਰ ਕੰਪਾਲਾ ਤੋਂ ਵੀ ਸੰਗਤ ਜਿੰਜਾ ਆਈ। ਉਨ੍ਹਾਂ ਨੇ ਬੇਨਤੀ ਕਰਨ ਤੇ ਮਹਾਂਪੁਰਖਾਂ ਨੇ ਇੱਕ ਦਿਨ ਦਾ ਸਮਾਂ ਦਿੱਤਾ। ਮਹਾਂਪੁਰਖਾਂ ਨੇ ਵੱਖ-ਵੱਖ ਸ਼ਹਿਰਾਂ ਵਿੱਚ, ਘਰਾਂ ਵਿੱਚ ਅਤੇ ਗੁਰਦੁਆਰਾ ਸਾਹਿਬ ਦੀਵਾਨ ਸਜਾਏ। ਅੰਮ੍ਰਿਤ ਸੰਚਾਰ ਕੀਤੇ। ਆਪ ਜੀ ਖੁਦ ਵੀ ਪੰਜ ਪਿਆਰਿਆਂ ਵਿੱਚ ਸ਼ਾਮਿਲ ਹੁੰਦੇ। ਇੱਕ ਪਾਸੇ ਸੰਗਤਾਂ ਦਾ ਅਥਾਹ ਪਿਆਰ ਸੀ, ਦੂਸਰੇ ਪਾਸੇ ਨਿੰਦਕ ਵੀ ਸਨ। ਮਹਾਂਪੁਰਖਾਂ ਦੁਆਰਾ ਚਲਾਈ ਪ੍ਰਚਾਰ ਲਹਿਰ ਕਾਰਨ ਸਿੱਖ ਪਰਿਵਾਰਾਂ ਵਿੱਚ ਸ਼ਰਾਬ ਦੀ ਆਦਤ ਅਤੇ ਫਿਲਮਾਂ ਦੇਖਣ ਦਾ ਸ਼ੌਕ ਘੱਟਣ ਲੱਗਾ। ਵੱਡੀ ਗਿਣਤੀ ਵਿੱਚ ਪ੍ਰੇਮੀ ਅੰਮ੍ਰਿਤਧਾਰੀ ਬਣ ਗਏ। ਇਹਨਾਂ ਕਾਰੋਬਾਰਾਂ ਨਾਲ ਸਬੰਧਿਤ ਲੋਕ ਨਿੰਦਕ ਬਣ ਗਏ। ਇਹ ਗੱਲ ਵੀ

ਚਰਚਾ ਦਾ ਵਿਸ਼ਾ ਬਣਾਈ ਗਈ ਕਿ ਮਹਾਂਪੁਰਖ ਮਾਇਆ ਇਕੱਤਰ ਕਰਨ ਆਏ ਹਨ, ਪਰ ਹੌਲੀ-ਹੌਲੀ ਇਹ ਚਰਚਾ ਆਪੇ ਬੰਦ ਹੋ ਗਈ ਕਿਉਂਕਿ ਮਹਾਂਪੁਰਖ ਨਾ ਤਾਂ ਮਾਇਆ ਦੀ ਅਪੀਲ ਕਰਦੇ ਸਨ, ਨਾ ਕੀਰਤਨ ਸਮੇਂ ਹਾਰਮੋਨੀਅਮ ਤੇ ਭੇਟਾ ਰਖਾਉਂਦੇ ਸਨ, ਨਾ ਹੀ ਗੁਰਦੁਆਰਾ ਸਾਹਿਬ ਤੋਂ ਭੇਟਾ ਲੈਂਦੇ ਸਨ। ਕੋਈ ਇਸਦਾ ਕਾਰਨ ਪੁੱਛਦਾ ਤਾਂ ਬਾਬਾ ਜੀ ਬਚਨ ਕਰਦੇ, "ਇੱਥੇ ਗੁਰਦੁਆਰਾ ਸਾਹਿਬ ਵੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ, ਕਰਮਸਰ ਵੀ ਇਹੋ ਹੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਮੈਂ ਮਾਇਆ ਇੱਥੋਂ ਲੈ ਜਾ ਕੇ ਉੱਥੇ ਸੇਵਾ ਵਿੱਚ ਲਾਵਾਂ? ਤੁਸੀਂ ਇੱਥੇ ਹੀ ਸੇਵਾ ਵਿੱਚ ਲਾਓ।"

ਮਾਇਆ ਦੀ ਅਪੀਲ ਨਾ ਕਰਨ ਬਾਰੇ ਪੁੱਛੇ ਜਾਣ ਤੇ ਇਹ ਵੀ ਬਚਨ ਕੀਤਾ ਸੀ, "ਅਸੀਂ ਵੱਡਿਆਂ ਦੀ ਚਾਲੀ ਕਿਵੇਂ ਛੱਡ ਦੇਈਏ।" ਭਾਵ ਇਹ ਸੀ ਕਿ ਜੋ ਵੱਡੇ ਮਹਾਂਪੁਰਖਾਂ ਨੇ ਪੂਰਨੇ ਪਾਏ ਹਨ, ਅਸੀਂ ਉਸ ਤੇ ਹੀ ਚੱਲਣਾ ਹੈ।

ਨਿੰਦਕਾਂ ਨੇ ਬੜਾ ਯਤਨ ਕੀਤਾ ਪਰ ਸੰਗਤ ਤੇ ਕੋਈ ਪ੍ਰਭਾਵ ਨਹੀਂ ਪਿਆ। ਓੜਕ ਨਿੰਦਕਾਂ ਨੇ ਕੀਤੇ ਦਾ ਫਲ ਭੋਗਿਆ। ਅਸਾਧ ਰੋਗ ਸਰੀਰਾਂ ਨੂੰ ਆ ਚਿੰਬੜੇ। ਦੁੱਖੀ ਹੋ ਹੋ ਕੇ ਮਰੇ। ਨਿੰਦਿਆ ਦਾ ਇੱਕ ਹੋਰ ਕਾਰਨ ਇਹ ਬਣਾਇਆ ਗਿਆ ਸੀ ਕਿ ਮਹਾਂਪੁਰਖਾਂ ਨੇ ਨੈਰੋਬੀ ਵਿਖੇ ਰਾਮਗੜ੍ਹੀਆ ਹਾਲ ਵਿੱਚ ਦੀਵਾਨ ਸਜਾਇਆ ਸੀ। ਮਹਾਂਪੁਰਖਾਂ ਦਾ ਸੁਭਾਅ ਮਨਮੁਖਤਾਈ ਨੂੰ ਜੁਗਤੀ ਨਾਲ ਦੂਰ ਕਰਨ ਦਾ ਸੀ। ਦੀਵਾਨ ਵਿੱਚ ਸੰਗਤ ਨੂੰ ਗੁਰਮਤਿ ਦੇ ਬਚਨ ਸੁਣ ਕੇ ਗੁਰਮਤਿ ਨਾਲ ਜੋੜ ਦੇਣ ਨਾਲ ਜਾਤੀ ਵਖਰੇਵੇਂ ਦਾ ਖਿਆਲ ਆਪਣੇ ਆਪ ਖੀਣ ਹੋ ਜਾਂਦਾ ਸੀ।

ਅਫ਼ਰੀਕਾ ਵਿਖੇ ਇੱਕ ਸਾਲ ਦਾ ਸਮਾਂ ਦੇਣ ਤੋਂ ਬਾਅਦ ਮਹਾਂਪੁਰਖ ਜੱਥੇ ਸਮੇਤ 29 ਜਨਵਰੀ 1952 ਨੂੰ ਇੰਡੀਆ ਵਾਪਸ ਆ ਗਏ। ਇੰਡੀਆ ਵਿਖੇ ਸੰਗਤ ਬਿਹਬਲ ਹੋ ਰਹੀ ਸੀ। ਕਈ ਪ੍ਰੇਮੀਆਂ ਨੇ ਪੱਤਰ ਲਿਖ ਕੇ ਦਰਸ਼ਨ ਦੇਣ ਦੀ ਬੇਨਤੀ ਕੀਤੀ ਸੀ। ਬਾਬਾ ਕਿਸ਼ਨ ਸਿੰਘ ਜੀ ਦੀ ਵੀ ਪ੍ਰੇਮ ਖਿੱਚ ਸੀ। ਉੱਪਰ ਜਦ ਵਾਪਸੀ ਦੀ ਟਿਕਟ ਹੋਈ ਤਾਂ ਅਫ਼ਰੀਕਾ ਦੀ ਸੰਗਤ ਹੋਰ ਸਮਾਂ ਦੇਣ ਦੀ ਬੇਨਤੀ ਕਰਨ ਲੱਗੀ। ਮਹਾਂਪੁਰਖਾਂ ਨੇ ਧੀਰਜ ਦਿੱਤਾ ਅਤੇ ਗੁਰ ਸ਼ਬਦ ਨਾਲ ਲਿਵ ਲਾਈ ਰੱਖਣ ਦਾ ਉਪਦੇਸ਼ ਕੀਤਾ।

ਆਪ ਜੀ ਬੰਬਈ (ਹੁਣ ਮੁੰਬਈ) ਏਅਰਪੋਰਟ ਤੇ 29-01-1952 ਨੂੰ ਪਹੁੰਚੇ। ਇੱਥੇ ਰੇਲਗੱਡੀ ਤੇ ਲੁਧਿਆਣੇ ਅਤੇ ਉੱਥੋਂ ਕਰਮਸਰ ਪਹੁੰਚੇ। ਬਾਬਾ ਕਿਸ਼ਨ ਸਿੰਘ ਜੀ ਬਾਹਰ ਹੀ ਉਡੀਕ ਰਹੇ ਸਨ। ਦੋਨੋ ਮਹਾਂਪੁਰਖ ਗਲਵੱਕੜੀ ਪਾ ਕੇ ਮਿਲੇ। ਸੰਗਤ ਨੂੰ ਬਹੁਤ ਚਾਉ ਸੀ। ਪ੍ਰੇਮੀ ਦਰਸ਼ਨ ਕਰ ਕਰ ਨਿਹਾਲ ਹੋ ਰਹੇ ਸਨ। ਖੁਸ਼ੀ ਸੰਭਾਲੀ ਨਹੀਂ ਸੀ ਜਾਂਦੀ।

ਇੱਕ ਦਿਨ ਮਿੱਡੂ ਮਲ ਨਾਂ ਦਾ ਸੇਠ ਮਹਾਂਪੁਰਖਾਂ ਦੇ ਦਰਸ਼ਨਾਂ ਲਈ ਆਇਆ। ਅਸਲ ਵਿੱਚ ਉਸਦਾ ਡਰਾਈਵਰ ਭਗਤ ਸਿੰਘ ਸਕੂਲ ਵਿੱਚ ਮਹਾਂਪੁਰਖਾਂ ਨਾਲ ਪੜ੍ਹਦਾ ਰਿਹਾ ਸੀ। ਰਿਜ਼ਕ ਨੇ ਉਸਨੂੰ ਡਰਾਈਵਰ ਬਣਾ ਦਿੱਤਾ। ਸੇਠ ਮਿੱਡੂ ਮਲ ਬਠਿੰਡੇ ਤੋਂ ਇਸੇ ਪਾਸੇ ਤੋਂ ਕਿਸੇ ਕੰਮ ਲੰਘ ਰਿਹਾ ਸੀ। ਭਗਤ ਸਿੰਘ ਨੇ ਸੇਠ ਨੂੰ ਮਹਾਂਪੁਰਖਾਂ ਬਾਰੇ ਦੱਸਿਆ ਅਤੇ ਦਰਸ਼ਨਾਂ ਲਈ ਪ੍ਰੇਰਿਆ ਸੀ। ਸੇਠ ਨਾਲ ਉਸਦੇ ਕੁਝ ਸਾਥੀ ਵੀ ਸਨ। ਅੱਜ ਨੇੜੇ ਤੋਂ ਲੰਘਣ ਕਰਕੇ ਭਗਤ ਸਿੰਘ ਨੇ ਫਿਰ ਮਹਾਂਪੁਰਖਾਂ ਦਾ ਬਚਨ ਕੀਤਾ। ਸੇਠ ਅਤੇ ਉਸਦੇ ਸਾਥੀ ਦਰਸ਼ਨਾਂ ਲਈ ਰੁਕ ਗਏ। ਮਹਾਂਪੁਰਖਾਂ ਦੇ ਦਰਸ਼ਨ ਹੋਏ ਤਾਂ ਆਪ ਜੀ ਨੇ ਬਚਨ ਕੀਤਾ, "ਸੇਠ ਜੀ! ਅੱਜ ਰਾਤ ਇੱਥੇ ਰੁਕੋ।"

*—ਬਾਕੀ ਹਿੱਸਾ ਪੰਨਾ 32 'ਤੇ ਪੜ੍ਹੋ ਜੀ*

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਛਿਆਲੀਵਾਂ ਸਲੋਕ :***

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥***

*(ਅੰਗ ੧੪੨੮)*

ਤੀਰਥ ਇਸ਼ਨਾਨ, ਵਰਤ ਅਤੇ ਦਾਨ ਕਰਕੇ ਜੋ ਪੁਰਸ਼ ਮਨ ਵਿੱਚ ਹੰਕਾਰ ਧਾਰਦਾ ਹੈ, ਉਸ ਦਾ ਸਭ ਕੁਝ ਨਿਸਫਲ ਹੋ ਜਾਂਦਾ ਹੈ। ਜਿਵੇਂ ਹਾਥੀ ਦਾ ਇਸ਼ਨਾਨ।

ਉੱਚਾ ਉੱਡਣ ਲਈ ਖੰਭਾਂ ਦੀ ਜ਼ਰੂਰਤ ਪੰਛੀਆਂ ਨੂੰ ਹੁੰਦੀ ਹੈ ਪਰ ਮਨੁੱਖ ਤਾਂ ਜਿਤਨਾ ਨੀਵਾਂ ਹੋ ਕੇ ਰਹੇਗਾ, ਉਤਨਾ ਹੀ ਉੱਚਾ ਹੋਵੇਗਾ।

ਤੀਰਥਾਂ ਤੇ ਜਾਣਾ ਚੰਗੀ ਗੱਲ ਹੈ ਪਰ ਜੇ ਬੰਦਾ ਇਸ਼ਨਾਨ ਕਰਕੇ ਨਾਮ ਜਪੇ ਤੇ ਅੰਦਰੋਂ ਪਵਿੱਤਰ ਹੋਵੇ ਪਰ ਜੇ ਦਾਨ ਪੁੰਨ ਕਰਕੇ ਆ ਕੇ ਲੋਕਾਂ ਵਿੱਚ ਪ੍ਰਚਾਰ ਕਰੇ ਕਿ ਮੈਂ ਇੰਨਾ ਦਾਨ ਕੀਤਾ ਹੈ, ਵਰਤ ਰੱਖੇ ਹਨ। ਜੇ ਮੈਂ (ਹਉਮੈ) ਅੰਦਰ ਆ ਗਈ ਤਾਂ ਤੇਰੇ ਕੀਤੇ ਚੰਗੇ ਕਰਮਾਂ ਨੂੰ ਖਾ ਜਾਏਗੀ। ਜਿਵੇਂ ਹਾਥੀ ਨਿਰਮਲ ਜਲ ਵਿੱਚ ਇਸ਼ਨਾਨ ਕਰਨ ਜਾਂਦਾ ਹੈ ਤਾਂ ਆਪਣੀ ਸੁੰਢ ਨਾਲ ਪਾਣੀ ਭਰ ਭਰ ਕੇ ਆਪਣੇ ਉੱਪਰ ਪਾਉਂਦਾ ਹੈ ਪਰ ਇਸ਼ਨਾਨ ਕਰਨ ਤੋਂ ਬਾਅਦ ਸੁੰਢ ਨਾਲ ਮਿੱਟੀ ਚੁੱਕ ਕੇ ਆਪਣੇ ਤਨ ਤੇ ਪਾ ਲੈਂਦਾ ਹੈ। ਇਸੇ ਤਰ੍ਹਾਂ ਚੰਗੇ ਕੰਮ ਕਰਕੇ ਇਨਸਾਨ ਹੰਕਾਰ ਰੂਪੀ ਮਿੱਟੀ ਆਪਣੇ ਉੱਪਰ ਪਾ ਲੈਂਦਾ ਹੈ ਤਾਂ ਉਸਦਾ ਤੀਰਥ ਨਾਤਾ ਕੀ ਕਰੇਗਾ।

***ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥***

*(ਅੰਗ ੬੧)*

ਸਭ ਤੋਂ ਵੱਡਾ ਤੀਰਥ ਪਰਮੇਸ਼ਰ ਦਾ ਨਾਮ ਹੀ ਗੁਰੂ ਸਾਹਿਬ ਨੇ ਦੱਸਿਆ ਹੈ। ਸਾਨੂੰ ਚਾਹੀਦਾ ਹੈ ਕਿ ਤੀਰਥਾਂ ਤੇ, ਗੁਰਦੁਆਰਿਆਂ ਦੇ ਦਰਸ਼ਨ ਇਸ਼ਨਾਨ ਵੀ ਕਰੀਏ ਤੇ ਨਾਲ ਨਾਲ ਉੱਥੇ ਸਾਧ ਸੰਗਤ ਵਿੱਚ ਜਾ ਕੇ ਵਾਹਿਗੁਰੂ ਦੇ ਨਾਮ ਦੀ ਪ੍ਰਾਪਤੀ ਵੀ ਕਰੀਏ। ਉਸ ਮਨੁੱਖ ਦੇ ਨਾਲ ਅਠਾਹਠ ਹੀ ਤੀਰਥ ਵੱਸਦੇ ਹਨ ਜਿਨ੍ਹਾਂ ਮਨੁੱਖਾਂ ਦੇ ਮਨ ਅੰਦਰ ਪਰਮਾਤਮਾ ਵੱਸਦਾ ਹੈ।

***ਅਠਸਠਿ ਤੀਰਥ ਤਿਸੁ ਸੰਗਿ ਰਹਹਿ***
***ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥***

*(ਅੰਗ ੪੯੧)*

ਪਰਮਾਤਮਾ ਬਿਨਾਂ ਲਾਲਚ ਤੋਂ ਸਾਨੂੰ ਹੱਥ, ਪੈਰ, ਪਵਣ, ਪਾਣੀ ਤੇ ਅੰਨ ਦੇ ਰਿਹਾ ਹੈ। ਅਸੀਂ

ਧਰਤੀ ਵਿੱਚ ਇੱਕ ਬੀਜ ਪਾਉਂਦੇ ਹਾਂ ਤਾਂ ਇਹ ਨਾ ਸਮਝੀਏ ਕਿ ਅਸੀਂ ਧਰਤੀ ਨੂੰ ਅੰਨ ਦਿੱਤਾ ਹੈ। ਉਹ ਅਸੀਂ ਆਪਣੇ ਵਾਸਤੇ ਹੀ ਪਾਇਆ ਹੈ ਕਿ ਸਾਨੂੰ ਹਜ਼ਾਰਾਂ ਦਾਣੇ ਮਿਲਣਗੇ। ਇਸ ਲਈ ਦਾਨ ਦੇ ਕੇ ਹੰਕਾਰ ਨਹੀਂ ਕਰਨਾ ਚਾਹੀਦਾ ਕਿ ਅਸੀਂ ਗੁਰੂ ਘਰ ਕੁਝ ਦਾਨ ਦਿੰਦੇ ਹਾਂ। ਬਲਕਿ ਸਤਿਗੁਰੂ ਜੀ ! ਕਈ ਹਜ਼ਾਰ ਗੁਣਾ ਸਾਨੂੰ ਵਾਪਸ ਮੋੜਦੇ ਹਨ। ਇਸ ਲਈ ਅਸਲ ਦਾਨ ਤਾਂ ਪਰਮਾਤਮਾ ਹੀ ਕਰ ਰਿਹਾ ਹੈ ਜੋ ਬਿਨਾਂ ਮੰਗਿਆ ਹੀ ਦੇ ਰਿਹਾ ਹੈ ਪਰ ਜਿੰਨਾ ਚਿਰ ਮਨੁੱਖ ਇੱਕ ਪਰਮਾਤਮਾ ਨੂੰ ਨਹੀਂ ਸਿਮਰਦਾ ਉਦੋਂ ਤੱਕ ਇਹ ਮਨੁੱਖੀ ਮਨ ਵਿਕਾਰਾਂ ਦੀ ਮੈਲ ਨਾਲ ਮੈਲਾ ਹੀ ਰਹਿੰਦਾ ਹੈ। ਐਸਾ ਮਨੁੱਖ ਕਿਸੇ ਤੀਰਥ ਉੱਤੇ ਭੀ ਜਾਂਦਾ ਹੈ ਤਾਂ ਤੀਰਥ ਯਾਤਰੀ ਦੇ ਮਾਣ ਨਾਲ ਹੋਰ ਹੰਕਾਰੀ ਹੋ ਜਾਂਦਾ ਹੈ ਤੇ ਆਪਣੇ ਅੰਦਰ ਵਧੇਰੇ ਮੈਲ ਇਕੱਠੀ ਕਰ ਲੈਂਦਾ ਹੈ।

***ਇਹੁ ਮਨੁ ਮੈਲਾ ਇਕੁ ਨ ਧਿਆਏ ॥***
***ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥***
***ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ***
***ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩॥***

*(ਅੰਗ ੧੧੬)*

ਹੰਕਾਰ ਸਾਰੇ ਵਿਕਾਰਾਂ ਨਾਲੋਂ ਵੱਧ ਤਾਕਤਵਰ ਹੈ। ਅਸੀਂ ਦੇਖਿਆ ਹੈ ਕਿ ਕਈ ਬੜੇ ਹੰਕਾਰ ਨਾਲ ਆਖਦੇ ਹਨ ਕਿ ਮੈਂ ਬਚਪਨ ਵਿੱਚ ਆਹ ਕੀਤਾ, ਉਹ ਕੀਤਾ ਪਰ ਕਰਨ ਕਰਾਉਣ ਵਾਲਾ ਮਾਲਕ ਹੈ। ਹੰਕਾਰੀ ਜੀਵਨ ਦੇ ਅੰਤ ਤੱਕ ਆਕੜਿਆ ਰਹਿੰਦਾ ਹੈ। ਇਹ ਆਪਣੀ ਤੂਤੀ ਏਨੀ ਉੱਚੀ ਵਜਾਉਂਦਾ ਹੈ ਕਿ ਇਸ ਨੂੰ ਹੋਰ ਕੋਈ ਸੁਣਾਈ ਹੀ ਨਹੀਂ ਦਿੰਦਾ।

ਜੇ ਸੋਚਿਆ ਜਾਵੇ ਤੇ ਇਨਸਾਨ ਦਾ ਆਪਣਾ ਕੀ ਹੈ? ਜਨਮ ਦੂਜਿਆਂ ਨੇ ਦਿੱਤਾ, ਨਾਮ ਦੂਜਿਆਂ ਨੇ ਰੱਖਿਆ, ਸਿੱਖਿਆ ਦੂਜਿਆਂ ਨੇ ਦਿੱਤੀ, ਰੋਜ਼ਗਾਰ ਦੂਜਿਆਂ ਨੇ ਦਿੱਤਾ, ਪਹਿਲਾ ਅਤੇ ਆਖਰੀ ਇਸ਼ਨਾਨ ਦੂਜੇ ਕਰਾਉਣਗੇ, ਸ਼ਮਸ਼ਾਨਘਾਟ ਦੂਜੇ ਲੈ ਜਾਣਗੇ, ਮਰਨ ਤੋਂ ਬਾਅਦ ਜਾਇਦਾਦ ਦੂਜੇ ਵੰਡ ਲੈਣਗੇ, ਫਿਰ ਹੰਕਾਰ ਕਿਸ ਗੱਲ ਦਾ ਕਰਦੇ ਹਾਂ। ਹਉਮੈ ਵਿੱਚ ਜਿਤਨਾ ਭੀ ਤੀਰਥ ਇਸ਼ਨਾਨ ਕਰਦੇ ਹਨ ਅਤੇ ਜਿਤਨਾ ਭੀ ਦਾਨ ਪੁੰਨ ਕਰਦੇ ਹਨ, ਉਹ ਸਾਰਾ ਉਨ੍ਹਾਂ ਨੂੰ ਖੁਆਰ ਹੀ ਕਰਦਾ ਹੈ।

***ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥***

*(ਅੰਗ ੩੪)*

ਭਾਈ ਵੀਰ ਸਿੰਘ ਜੀ ਕਹਿੰਦੇ ਹਨ ਕਿ ਦਾਨ ਟਰੱਸਟ ਰਾਹੀਂ ਹੀ ਦੇਣਾ ਚਾਹੀਦਾ ਹੈ। ਜੇ ਕਿਸੇ ਨੂੰ ਸਿੱਧਾ ਦਾਨ ਦੇਵਾਂਗੇ ਤਾਂ ਸਾਡਾ ਉਸ ਨਾਲ ਸੰਪਰਕ ਹੋ ਜਾਵੇਗਾ ਤੇ ਬਦੋਬਦੀ ਮਨ ਵਿੱਚ ਅਹੰਕਾਰ ਆਉਣ ਦਾ ਡਰ ਰਹਿੰਦਾ ਹੈ। **ਬਾਬਾ ਨੰਦ ਸਿੰਘ ਜੀ ਦਾ ਵੀ ਬਚਨ ਹੈ ਦਾਨ ਜਾ ਕੇ ਦੇ, ਛਿਪਾ ਕੇ ਦੇ, ਰਜਾ ਕੇ ਦੇ।** ਇਸ ਲਈ ਜੇ ਤੀਰਥ ਇਸ਼ਨਾਨ ਅਤੇ ਦਾਨ ਕਰਕੇ ਹਉਮੈ ਰੂਪੀ ਸਵਾਹ ਪਾ ਲਈ ਤਾਂ ਗੁਰੂ ਸਾਹਿਬ ਨੇ ਇਸ ਦੀ ਨਿਖੇਧੀ ਕੀਤੀ ਹੈ।

***ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥***
***ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥***

*(ਅੰਗ ੪੮੪)*

ਪਰਮਾਤਮਾ ਦੇ ਜਿਤਨੇ ਭੀ ਭਗਤ ਹਨ, ਸੇਵਕ ਹਨ, ਉਨ੍ਹਾਂ ਦੇ ਮੱਥੇ ਉੱਤੇ ਅਠਾਹਠ ਤੀਰਥ ਤਿਲਕ ਲਾਉਂਦੇ ਹਨ।

***ਜਿਤਨੇ ਭਗਤ ਹਰਿ ਸੇਵਕਾ***
***ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ ॥***

*(ਅੰਗ ੭੩੩)*

ਸਤਿਗੁਰੂ ਜੀ ਨੇ ਇਸ਼ਨਾਨ ਦੀ ਉਪਮਾ ਕੀਤੀ ਹੈ।

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ***
***ਮਨ ਤਨ ਭਏ ਅਰੋਗਾ ॥***

*(ਅੰਗ ੬੧੧)*

ਅੰਦਰੋਂ ਮਨ ਦੀ ਮੈਲ ਧੋਣ ਵਾਸਤੇ ਨਾਮ ਹੀ

ਸਹਾਈ ਹੁੰਦਾ ਹੈ।

ਇੱਕ ਚੇਲੇ ਨੇ ਮਹਾਂਪੁਰਖਾਂ ਨੂੰ ਕਿਹਾ, ਲਾਲਟੇਨ ਦੀ ਰੌਸ਼ਨੀ ਨਹੀਂ ਆ ਰਹੀ, ਉਨ੍ਹਾਂ ਕਿਹਾ, ਸ਼ੀਸ਼ਾ ਧੋ ਕੇ ਲਿਆ, ਉਹ ਧੋ ਕੇ ਲੈ ਆਇਆ ਪਰ ਰੌਸ਼ਨੀ ਫਿਰ ਵੀ ਨਹੀਂ ਆਈ। ਮਹਾਂਪੁਰਖਾਂ ਨੇ ਕਿਹਾ ਤੂੰ ਸ਼ੀਸ਼ਾ ਬਾਹਰੋਂ ਧੋ ਕੇ ਲਿਆਂਦਾ ਹੈ, ਅੰਦਰੋਂ ਨਹੀਂ ਧੋਤਾ। ਜਦ ਅੰਦਰ ਹੱਥ ਪਾ ਕੇ ਧੋਤਾ ਤਾਂ ਲਾਈਟ ਝਟ ਬਾਹਰ ਆ ਗਈ। ਇਸੇ ਤਰ੍ਹਾਂ ਬਾਹਰ ਇਸ਼ਨਾਨ ਦੇ ਨਾਲ ਨਾਲ ਅੰਦਰ ਵੀ ਨਾਮ ਨਾਲ ਮਨ ਧੋਵਾਂਗੇ ਤਾਂ ਪ੍ਰਕਾਸ਼ ਬਾਹਰ ਆਏਗਾ ਨਹੀਂ ਤਾਂ ਤੁੰਮੀ ਵਾਲਾ ਹਾਲ ਹੋਵੇਗਾ। ਤੁੰਮੀ ਬਾਹਰੋਂ ਤਾਂ ਧੋਤੀ ਗਈ ਪਰ ਅੰਦਰ ਕੁੜਤਣ (ਵਿਸੁ) ਟਿਕੀ ਰਹੀ।

***ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥***

*(ਅੰਗ ੭੮੯)*

ਇਸ ਲਈ ਤੀਰਥ ਇਸ਼ਨਾਨ, ਵਰਤ ਅਤੇ ਦਾਨ ਕਰਕੇ ਜੋ ਹੰਕਾਰ ਕਰਦਾ ਹੈ ਉਹ ਹਾਥੀ ਵਾਗੂੰ ਇਸ਼ਨਾਨ ਕਰਕੇ ਉੱਪਰ ਹਉਮੈ ਰੂਪੀ ਮਿੱਟੀ ਪਾ ਲੈਂਦਾ ਹੈ।

***

*—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

## - ਜ਼ਿੰਦਗੀ ਜਿਊਣ ਬਾਰੇ -

**ਜ਼ਿੰਦਗੀ ਜਿਊਣੀ ਸੌਖੀ ਨਹੀਂ, ਸੌਖੀ ਬਣਾਉਣੀ ਪੈਂਦੀ ਹੈ
ਸੌਖੀ ਬਣੇ ਕਿਵੇਂ? ਕਿਸੇ ਨੂੰ ਮੁਆਫ ਕਰਨਾ ਸਿੱਖ ਲਓ।
ਕਿਸੇ ਕੋਲੋਂ ਮੁਆਫੀ ਮੰਗਣਾ ਸਿੱਖ ਲਓ।**

*—ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਵਿਚਾਰਾਂ ਵਿੱਚੋਂ*

## - ਭਵ ਸਾਗਰ ਤੋਂ ਪਾਰ ਹੋਣ ਦੀ ਜੁਗਤੀ -

**ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਮਹਾਂਪੁਰਸ਼ ਫ਼ਰਮਾਉਂਦੇ ਸਨ ਕਿ ਬਚਨ ਮੰਨਣਾ ਤੇ ਫਿਰ ਉਸ ਦੀ ਕਮਾਈ ਕਰਨਾ ਜਗਿਆਸੂ ਦਾ ਫਰਜ਼ ਹੈ। ਮਹਾਂਪੁਰਸ਼ ਤਾਂ ਰਸਤਾ ਦੱਸਦੇ ਹਨ। ਜਿਸ ਤਰ੍ਹਾਂ ਜਹਾਜ਼ ਘਾਟ ਦੇ ਰਾਹ ਵਾਲੇ ਪਾਣੀ ਵਿੱਚ ਲੋਹੇ ਦੇ ਢੋਲੇ ਦੀਆਂ ਨਿਸ਼ਾਨੀਆਂ ਸਦਕਾ ਪਾਰ ਲੱਗ ਜਾਂਦਾ ਹੈ। ਇਸੇ ਤਰ੍ਹਾਂ ਮਹਾਂਪੁਰਸ਼ ਜਗਿਆਸੂ ਨੂੰ ਸਾਵਧਾਨ ਕਰਦਿਆਂ ਸਮਝਾਉਂਦੇ ਹਨ ਕਿ ਹੰਕਾਰ ਚੱਟਾਨ ਹੈ ਅਤੇ ਕਾਮ, ਕ੍ਰੋਧ, ਲੋਭ ਤੇ ਮੋਹ ਦੀ ਘੁੰਮਣ ਘੇਰੀ ਹੈ। ਜਿਹੜਾ ਪ੍ਰਾਣੀ ਜੁਗਤ ਅਨੁਸਾਰ ਚਲੇਗਾ, ਉਹ ਸੰਸਾਰ ਰੂਪੀ ਭਵ ਸਾਗਰ ਤੋਂ ਪਾਰ ਹੋ ਜਾਵੇਗਾ।**

*—ਪਰਮਜੀਤ ਕੌਰ (ਪੰਮਾ ਭੈਣ ਜੀ)*

## ਹੱਡ ਬੀਤੀ

ਗੁਰੂ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਹੇਠਾਂ ਵਿਦੇਸ਼ ਤੋਂ ਇੱਕ ਵੀਰ ਜੀ ਦੀ ਹੱਡਬੀਤੀ ਦੇ ਕੁਝ ਅੰਸ਼ ਦਿੱਤੇ ਜਾ ਰਹੇ ਹਨ। ਕਿਸੇ ਕਾਰਨ ਵੱਸ ਇਹ ਵੀਰ ਅੱਜ ਕੱਲ੍ਹ ਵਿਦੇਸ਼ ਵਿੱਚ ਇੱਕ ਜੇਲ੍ਹ ਵਿੱਚ ਹੈ ਤੇ ਗੁਰੂ ਸਾਹਿਬ ਦੀ ਕਿਰਪਾ ਨਾਲ ਇਸ ਵੀਰ ਨੂੰ ਜੇਲ੍ਹ ਵਿੱਚ ਸ੍ਰੀ ਸੁਖਮਨੀ ਸਾਹਿਬ ਦੀਆਂ ਨੌਂ ਵਿਸ਼ੇਸ਼ਤਾਈਆਂ ਪੁਸਤਕ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਪੁਸਤਕ ਨੂੰ ਪੜ੍ਹਨ ਉਪਰੰਤ ਉਸ ਅੰਦਰ ਸ੍ਰੀ ਸੁਖਮਨੀ ਸਾਹਿਬ ਦਾ ਹਰ ਰੋਜ਼ ਪਾਠ ਕਰਨ ਦੀ ਕਿਵੇਂ ਸਿੱਕ ਜਾਗੀ ਤੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦਾ ਰੋਜ਼ ਪਾਠ ਕਰਨ ਨਾਲ ਇਸ ਦੀ ਜ਼ਿੰਦਗੀ ਵਿੱਚ ਕੀ-ਕੀ ਤਬਦੀਲੀਆਂ ਮਹਿਸੂਸ ਹੋਈਆਂ, ਸੰਖੇਪ ਵਿੱਚ ਅੰਸ਼ ਸੰਗਤਾਂ ਦੇ ਰੂ-ਬ-ਰੂ ਕੀਤੇ ਜਾ ਰਹੇ ਹਨ। ਇਹ ਅੰਸ਼ ਲਿਖਣ ਦਾ ਕੇਵਲ ਇੱਕੋ-ਇੱਕ ਮਕਸਦ ਹੈ ਕਿ ਸਾਡੇ ਅੰਦਰ ਵੀ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਦਾ ਹਰ ਰੋਜ਼ ਪਾਠ ਕਰਨ ਦੀ ਲਗਨ ਪੈਦਾ ਹੋ ਜਾਵੇ। ਭੁੱਲ ਚੁੱਕ ਖਿਮਾਂ ਕਰਨੀ।

***-ਸੰਪਾਦਕ***

ਸਤਿਕਾਰਯੋਗ ਵੀਰ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਵੀਰ ਜੀ, ਮੈਂ ਕੈਨੇਡਾ ਤੋਂ ਇਹ ਚਿੱਠੀ ਲਿਖ ਰਿਹਾ ਹਾਂ। ਪਿਛੋਕੜ ਤੋਂ ਮੈਂ ਜਲੰਧਰ ਨਾਲ ਸੰਬੰਧਿਤ ਹਾਂ। ਆਪ ਜੀ ਦਾ ਪਹਿਲਾਂ ਵੀ ਕੀਰਤਨ ਸੁਣਦੇ ਰਹੇ ਹਾਂ। ਬੜਾ ਅਨੰਦ ਆਉਂਦਾ ਸੀ। ਮੇਰੀ ਉਮਰ ਇਸ ਵਕਤ 70 ਸਾਲ ਦੀ ਹੋ ਗਈ ਹੈ। ਵੀਰ ਜੀ, ਮੈਂ ਤੁਹਾਨੂੰ ਆਪਣੇ ਬਾਰੇ ਦੱਸਣਾ ਚਾਹੁੰਦਾ ਹਾਂ। ਇੱਥੇ ਕੈਨੇਡਾ ਵਿੱਚ ਮੈਂ ਗੁਰਦੁਆਰੇ ਜਾਂਦਾ ਹੁੰਦਾ ਸੀ ਜਿੱਥੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਬੀਬੀਆਂ ਦਾ ਜੱਥਾ ਕਰਦਾ ਸੀ। ਮੈਂ ਗੁਰਦੁਆਰੇ ਜਾਣਾ ਤੇ ਮੱਥਾ ਟੇਕ ਕੇ ਪਰਸ਼ਾਦ ਲੈਣਾ ਤੇ ਲੰਗਰ ਘਰ ਜਾ ਕੇ ਲੰਗਰ ਛਕਣਾ ਤੇ ਫਿਰ ਘਰ ਚਲੇ ਜਾਣਾ। ਵੈਸੇ ਵੀ ਗੁਰਦੁਆਰਾ ਸਾਹਿਬ ਛੋਟਾ ਸੀ। ਬੈਠਣ ਵਾਸਤੇ ਜਗ੍ਹਾ ਵੀ ਨਹੀਂ ਹੁੰਦੀ ਸੀ ਪਰ ਮੈਂ ਜਪੁਜੀ ਸਾਹਿਬ ਤੇ ਚੌਪਈ ਸਾਹਿਬ ਦਾ ਪਾਠ ਕਰਨਾ ਤੇ ਘਰ ਜਾ ਕੇ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕਰਕੇ ਅਰਦਾਸ ਕਰ ਲੈਣੀ। ਸੁਖਮਨੀ ਸਾਹਿਬ ਦਾ ਪਾਠ ਕਰਨਾ ਬੜਾ ਔਖਾ ਲੱਗਦਾ ਸੀ। ਜਦੋਂ ਕਰੋਨਾ ਆਇਆ ਤੇ ਮੈਂ ਨੌਕਰੀ ਕਰ ਲਈ। ਮੇਰੀ ਸਵੇਰੇ 6 ਵਜੇ ਤੋਂ ਸ਼ਾਮ 6 ਵਜੇ ਤੱਕ ਨੌਕਰੀ ਹੁੰਦੀ ਸੀ ਪਰ ਜੋ ਮੈਂ ਪਾਠ ਕਰਨ ਦੀ ਰੁਟੀਨ ਬਣਾਈ ਸੀ, ਉਹ ਵੀ ਛੁੱਟ ਗਿਆ ਕਿਉਂਕਿ ਤੜਕੇ 5 ਵਜੇ ਉੱਠ ਕੇ ਨੌਕਰੀ ਤੇ ਜਾਣਾ ਪੈਂਦਾ ਸੀ। ਗੁਟਕਾ ਸਾਹਿਬ ਵੀ ਕਾਰ ਵਿੱਚ ਰੱਖਿਆ ਸੀ ਪਰ ਟਾਈਮ ਹੀ ਨਹੀਂ ਸੀ ਲੱਗਦਾ। ਮੈਂ ਟਰੱਕਾਂ ਦੇ ਯਾਰਡ ਵਿੱਚ ਸਿਕਿਓਰਟੀ ਦੀ ਨੌਕਰੀ ਕਰਦਾ ਸੀ ਤੇ ਆਵਾਜਾਈ ਬਹੁਤ ਰਹਿੰਦੀ ਸੀ। ਟਾਈਮ ਹੀ ਨਾ ਲੱਗਣਾ। ਫਿਰ ਮੇਰੇ ਕੋਲੋਂ ਕੋਈ ਐਸਾ ਕਰਮ ਹੋ ਗਿਆ ਜਿਸ ਕਰਕੇ ਮੈਨੂੰ ਜੇਲ੍ਹ ਹੋ ਗਈ ਤੇ ਹੁਣ ਵੀ ਮੈਂ ਜੇਲ੍ਹ ਤੋਂ ਚਿੱਠੀ ਲਿਖ ਰਿਹਾ ਹਾਂ। ਜੇਲ੍ਹ ਵਿੱਚ ਮੈਨੂੰ ਪੰਜ ਸਾਲ ਹੋ ਗਏ ਹਨ। ਪੰਜ ਸਾਲ ਹੋਰ ਜੇਲ੍ਹ ਕੱਟਣੀ ਹੈ ਤੇ ਫਿਰ ਮੈਨੂੰ ਇੰਡੀਆ ਡਿਪੋਰਟ ਕਰ ਦੇਣਗੇ।

ਕੁਦਰਤ ਦੀ ਨੇਤ, ਗੁਰੂ ਸਾਹਿਬ ਦੀ ਕਿਰਪਾ ਨਾਲ ਮੇਰਾ ਪਤਾ ਨਹੀਂ ਕਿਹੜਾ ਕਰਮ ਸਾਹਮਣੇ ਆਇਆ, ਜੇਲ੍ਹ ਵਿੱਚ ਮੈਨੂੰ ਤੁਹਾਡੀ (ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ) ਲਿਖੀ ਕਿਤਾਬ ਮਿਲ ਗਈ, ਸ੍ਰੀ ਸੁਖਮਨੀ ਸਾਹਿਬ ਦੀਆਂ ਨੌਂ ਵਿਸ਼ੇਸ਼ਤਾਈਆਂ ਜਿਸਨੂੰ ਪੜ੍ਹ ਕੇ ਬੜਾ ਅਨੰਦ ਆਇਆ। ਇਹ ਕਿਤਾਬ ਪੜ੍ਹ ਕੇ ਮੈਂ ਕਿਸੇ ਤਰੀਕੇ ਨਾਲ ਜੇਲ੍ਹ ਵਿੱਚ ਆਪਣੇ ਦੋਸਤ ਕੋਲੋਂ ਸ੍ਰੀ ਸੁਖਮਨੀ ਸਾਹਿਬ ਤੇ ਨਿਤਨੇਮ ਦਾ ਗੁਟਕਾ ਸਾਹਿਬ ਮੰਗਵਾਏ। ਪਹਿਲਾਂ ਮੈਂ ਸੁਖਮਨੀ ਸਾਹਿਬ ਦੀ ਪੰਜ ਅਸਟਪਦੀਆਂ ਦਾ ਪਾਠ ਕਰਨਾ ਸ਼ੁਰੂ ਕੀਤਾ ਤੇ ਇੱਕ ਦਿਨ ਖਿਆਲ ਆਇਆ ਕਿ ਕਿਉਂ ਨਾ ਪੂਰਾ ਪਾਠ ਕਰਾਂ। ਉਸ ਦਿਨ ਮੈਂ ਸੁਖਮਨੀ ਸਾਹਿਬ ਦਾ ਪਾਠ ਪੂਰਾ ਕਰ ਲਿਆ। ਇਸ ਵਿੱਚ ਮੈਨੂੰ ਦੋ ਜਾਂ ਤਿੰਨ ਘੰਟੇ ਲੱਗੇ ਹੋਣਗੇ ਪਰ ਪਾਠ ਕਰਕੇ ਮੈਨੂੰ ਬੜਾ ਸਕੂਨ ਮਹਿਸੂਸ ਹੋਇਆ।

ਵਿਦੇਸ਼ ਵਿੱਚ ਇਹ ਨਿਯਮ ਬਣਿਆ ਹੋਇਆ ਹੈ ਕਿ ਕਿਸੇ ਨੂੰ ਵੀ ਇੱਕ ਜੇਲ੍ਹ ਵਿੱਚ ਪੱਕਾ ਨਹੀਂ ਰੱਖਦੇ। ਵੱਖ-ਵੱਖ ਜੇਲ੍ਹਾਂ ਵਿੱਚ ਸ਼ਿਫਟ ਕਰਦੇ ਰਹਿੰਦੇ ਹਨ। ਮੈਂ ਹੁਣ ਤੀਜੀ ਜੇਲ੍ਹ ਵਿੱਚ ਆ ਗਿਆ ਹਾਂ ਤੇ ਫਿਰ ਅਖੀਰ ਤੱਕ ਚੌਥੀ ਵਿੱਚ ਹੀ ਰਹਾਂਗਾ। ਜਦ ਮੈਂ ਜੇਲ੍ਹ ਬਦਲੀ ਤੇ ਮੇਰੇ ਗੁਟਕਾ ਸਾਹਿਬ ਉਨ੍ਹਾਂ ਨੇ ਨਾ ਦਿੱਤੇ ਜਿਸ ਕਰਕੇ ਮੇਰਾ ਪਾਠ ਕਰਨ ਦਾ 15 ਦਿਨ ਦਾ ਨਾਗਾ ਪੈ ਗਿਆ। ਫਿਰ ਮੈਂ ਅਰਦਾਸ ਕੀਤੀ ਕਿ ਸਤਿਗੁਰੂ ਜੀ! ਮੇਰੇ ਗੁਟਕਾ ਸਾਹਿਬ ਮੈਨੂੰ ਮਿਲ ਜਾਣ। ਇੱਕ ਆਦਮੀ ਬਰੰਮਪਟਨ ਤੋਂ ਜੇਲ੍ਹ ਵਿੱਚ ਰੈਗੂਲਰ ਸੇਵਾ ਕਰਨ ਆਉਂਦਾ ਹੈ। ਨਾਂ ਉਸ ਦਾ ਗੁਲਜ਼ਾਰ ਸਿੰਘ ਹੈ। ਉਸ ਨੇ ਮੈਨੂੰ ਨਵੇਂ ਗੁਟਕਾ ਸਾਹਿਬ ਤੇ ਸਿਰ ਤੇ ਬੰਨਣ ਵਾਸਤੇ ਪਟਕਾ ਲਿਆ ਕੇ ਦਿੱਤੇ ਪਰ ਦੂਜੀ ਜੇਲ੍ਹ ਬਦਲੀ ਤੇ ਉਹ ਗੁਟਕਾ ਸਾਹਿਬ ਜੇਲ੍ਹ ਵਾਲਿਆਂ ਨੇ ਹੀ ਫਿਰ ਰੱਖ ਲਏ। ਮੈਂ ਫਿਰ ਉਸ ਬੰਦੇ ਨੂੰ ਬੇਨਤੀ ਕੀਤੀ ਜਿਹੜਾ ਰੈਗੂਲਰ ਜੇਲ੍ਹਾਂ ਵਿੱਚ ਸੇਵਾ ਕਰਨ ਆਉਂਦਾ ਹੈ। ਉਸ ਨੇ ਮੈਨੂੰ ਫਿਰ ਗੁਟਕਾ ਸਾਹਿਬ ਦਿੱਤੇ। ਮੈਂ 15 ਦਿਨ ਬਾਅਦ ਫਿਰ ਆਪਣਾ ਉਹੀ ਪਾਠ ਕਰਨ ਦੀ ਰੁਟੀਨ ਬਣਾ ਲਈ। ਮੈਂ ਆਪਣੇ ਦੋਸਤ ਨੂੰ ਕਹਿ ਕੇ ਫਿਰ ਤੁਹਾਡੀ ਕਿਤਾਬ ਮੰਗਵਾਈ। ਹੁਣ ਇਹ ਕਿਤਾਬ ਮੇਰੇ ਕੋਲ ਹੀ ਰਹੇਗੀ। ਹੁਣ ਮੈਂ ਸਵੇਰੇ ਪੰਜ ਬਾਣੀਆਂ ਦਾ ਪਾਠ ਕਰਕੇ ਅਰਦਾਸ ਕਰਦਾ ਹਾਂ। ਕਈ ਵਾਰ ਸ੍ਰੀ ਸੁਖਮਨੀ ਸਾਹਿਬ ਜੀ ਦਾ ਦੋ ਵਾਰੀ ਵੀ ਪਾਠ ਕਰ ਲੈਂਦਾ ਹਾਂ। ਤੁਹਾਡੀ ਕਿਤਾਬ ਪੜ੍ਹ ਕੇ ਕਈ ਵਾਰ ਖਿਆਲ ਆਉਂਦਾ ਹੈ, ਕਾਸ਼, ਇਹ ਕਿਤਾਬ ਮੈਨੂੰ ਪਹਿਲਾਂ ਕਿਉਂ ਨਹੀਂ ਮਿਲੀ। ਜੇਕਰ ਪਹਿਲਾਂ ਪੜ੍ਹੀ ਹੁੰਦੀ ਤੇ ਅੱਜ ਮੈਂ ਜੇਲ੍ਹ ਵਿੱਚ ਨਾ ਹੁੰਦਾ। ਮੈਨੂੰ ਤਾਂ ਪਹਿਲਾਂ ਪੈਸੇ ਦਾ ਹੀ ਸਵਾਦ ਪਿਆ ਰਿਹਾ। ਪਹਿਲਾਂ ਮਾੜੀ ਸੰਗਤ ਕਰਨੀ, ਤਾਸ਼ਾਂ ਖੇਡਣੀਆਂ ਤੇ ਗੁਰੂ ਘਰ ਜਾਣਾ ਤੇ ਹੱਥ ਲਗਾ ਕੇ ਆ ਜਾਣਾ ਪਰ ਹੁਣ ਮੇਰੇ ਕੋਲੋਂ ਜੇ ਅਗਰ ਪਾਠ ਲੇਟ ਵੀ ਹੋ ਜਾਵੇ ਤੇ ਦਿਲ ਹੋਰ ਤਰ੍ਹਾਂ ਕਰਨ ਲੱਗ ਜਾਂਦਾ ਹੈ। ਸੋ, ਹੁਣ ਮੈਂ ਗੁਰੂ ਸਾਹਿਬ ਦੀ ਕਿਰਪਾ ਨਾਲ ਨਿਤਨੇਮ ਤੋਂ ਇਲਾਵਾ ਇੱਕ ਜਾਂ ਦੋ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਰੋਜ਼ ਕਰਦਾ ਹਾਂ। ਅਗਰ ਜੇ ਕਿਤੇ ਦਿਨ ਵੇਲੇ ਨਾ ਕੀਤਾ ਜਾਵੇ ਤੇ ਮੈਂ ਰਾਤ ਨੂੰ ਸੌਣ ਤੋਂ ਪਹਿਲਾਂ ਕਰ ਲੈਂਦਾ ਹਾਂ ਤੇ ਫਿਰ ਸੌਂਦਾ ਹਾਂ। ਇਸ ਪੁਸਤਕ ਨੇ ਮੇਰੀ ਜ਼ਿੰਦਗੀ ਬਦਲ ਦਿੱਤੀ ਹੈ। ਮੇਰੇ ਅੰਦਰ ਹੁਣ ਸਹਿਜ ਆਉਣਾ ਸ਼ੁਰੂ ਹੋ ਗਿਆ ਹੈ। ਚੰਗੇ ਮਾੜੇ ਕਰਮਾਂ ਦੀ ਪਛਾਣ ਹੋਣ ਲੱਗ ਪਈ ਹੈ। ਇਸ ਪੁਸਤਕ ਨੇ ਮੇਰਾ ਜੀਵਨ ਬਦਲ ਦਿੱਤਾ ਹੈ। ਪੁਸਤਕ ਪੜ੍ਹਨ ਨਾਲ ਮੇਰੇ ਅੰਦਰ ਸੁਖਮਨੀ ਸਾਹਿਬ ਦੀ ਬਾਣੀ ਪੜ੍ਹਨ ਦਾ ਸ਼ੌਕ ਜਾਗ ਪਿਆ ਹੈ। ਮੈਂ ਹੁਣ ਵੀ ਜਦੋਂ ਟਾਈਮ ਲੱਗੇ, ਇਸ ਪੁਸਤਕ ਵਿੱਚੋਂ ਸੁਖਮਨੀ ਸਾਹਿਬ ਦੀ ਇੱਕ ਵਿਸ਼ੇਸ਼ਤਾਈ ਪੜ੍ਹ ਲੈਂਦਾ ਹਾਂ ਜਿਸ ਕਰਕੇ ਮੇਰੇ ਅੰਦਰ ਪਾਠ ਕਰਨ ਦਾ ਸ਼ੌਕ ਬਣਿਆ ਰਹਿੰਦਾ ਹੈ। ਮੈਂ ਆਪਣੇ ਬੱਚਿਆਂ ਨੂੰ ਵੀ ਇਹ ਕਿਤਾਬ ਪੜ੍ਹਵਾਈ ਹੈ ਤੇ ਇਹ ਕਿਤਾਬ ਪੜ੍ਹਨ ਤੋਂ ਬਾਅਦ ਉਹ ਵੀ ਪਾਠ ਕਰਨ ਲੱਗ ਪਏ ਹਨ। ਜੇਲ੍ਹ ਵਿੱਚ ਹੁੰਦਿਆਂ

ਪਹਿਲਾਂ ਮੇਰੇ ਬੱਚੇ ਦੋ ਸਾਲ ਤੱਕ ਮੈਨੂੰ ਮਿਲਣ ਲਈ ਨਹੀਂ ਸਨ ਆਉਂਦੇ ਤੇ ਮੈਂ ਰੋਜ਼ ਅਰਦਾਸ ਕਰਨੀ, ਹੇ ਪਰਮਾਤਮਾ, ਮੇਰੇ ਬੱਚਿਆਂ ਤੇ ਰਹਿਮਤ ਕਰ ਤੇ ਮੈਨੂੰ ਮਿਲਾ। ਸੁਖਮਨੀ ਸਾਹਿਬ ਦਾ ਪਾਠ ਕਰਨ ਕਰਕੇ ਹੁਣ ਮੇਰੇ ਬੱਚੇ ਵੀ ਮੈਨੂੰ ਮਿਲਣ ਲੱਗ ਪਏ। ਮੈਂ ਜਦ ਵੀ ਇੰਡੀਆ ਆਵਾਂਗਾ, ਆਪ ਜੀ ਨੂੰ ਜ਼ਰੂਰ ਮਿਲਣ ਆਵਾਂਗਾ। ਸੋ, ਬੇਨਤੀ ਹੈ ਕਿ ਤੁਸੀਂ ਜਿੱਥੇ ਵੀ ਕੀਰਤਨ ਕਰੋ, ਇਸ ਪੁਸਤਕ ਦਾ ਜ਼ਿਕਰ ਜ਼ਰੂਰ ਕਰਿਆ ਕਰੋ। ਹੁਣ ਮੈਂ ਆਪਣੇ ਦੋਸਤਾਂ ਮਿੱਤਰਾਂ ਨੂੰ ਵੀ ਪ੍ਰੇਰਨਾ ਦੇ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਲਈ ਲਗਾ ਦਿੱਤਾ ਹੈ। ਮੈਨੂੰ ਪੂਰਨ ਉਮੀਦ ਹੈ ਕਿ ਜਿਹੜਾ ਵੀ ਇੱਕ ਵਾਰੀ ਇਹ ਪੁਸਤਕ "ਸੁਖਮਨੀ ਸਾਹਿਬ ਦੀਆਂ ਨੌਂ ਵਿਸ਼ੇਸ਼ਤਾਈਆਂ" ਪੜ੍ਹ ਲਵੇਗਾ ਤੇ ਫਿਰ ਉਹ ਸਾਰੀ ਉਮਰ ਸੁਖਮਨੀ ਸਾਹਿਬ ਦਾ ਪਾਠ ਨਹੀਂ ਛੱਡ ਸਕਦਾ। ਮੇਰੀ ਤਮੰਨਾ ਹੈ ਕਿ ਮੈਂ ਆਪ ਜੀ ਦੀਆਂ ਬਾਕੀ ਪੁਸਤਕਾਂ ਵੀ ਪੜ੍ਹਾਂ ਤਾਂ ਮੈਨੂੰ ਗੁਰਮਤਿ ਦੀ ਹੋਰ ਸੋਝੀ ਹੋ ਸਕੇ। ਬਹੁਤ-ਬਹੁਤ ਸ਼ੁਕਰਾਨੇ। ਭੁੱਲ ਚੁੱਕ ਦੀ ਖਿਮਾਂ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

*—ਦਾਸ ਜਰਨੈਲ ਸਿੰਘ (ਵਿਦੇਸ਼)*

## - ਬ੍ਰਹਮ ਗਿਆਨੀ ਸੰਬੰਧੀ ਬਚਨ -

**ਬ੍ਰਹਮ ਗਿਆਨ ਉਦੋਂ ਅੰਦਰ ਉਜਾਗਰ ਹੁੰਦਾ ਹੈ ਜਦੋਂ ਕੋਈ ਬੇਅੰਤ ਗਾਲ੍ਹਾਂ ਵੀ ਕੱਢੇ, ਠੁੱਡੇ ਵੀ ਮਾਰੇ ਪਰ ਫਿਰ ਵੀ ਹਿਰਦੇ ਵਿੱਚ ਰਤੀ ਭਰ ਵੀ ਗੁੱਸਾ, ਈਰਖਾ, ਵਿਰੋਧ ਜਾਂ ਨ.ਫਰਤ ਉਸ ਪ੍ਰਤੀ ਨਾ ਆਵੇ ਸਗੋਂ ਅਕਾਲ ਪੁਰਖ ਦੀ ਬਖਸ਼ਿਸ਼ ਸਮਝ ਕੇ ਉਸ ਨੂੰ ਹੱਥ ਜੋੜ ਕੇ ਆਖੇ, ਤੁਸੀਂ ਬੜੀ ਕਿਰਪਾ ਕੀਤੀ ਹੈ, ਮੇਰੇ ਮੂਰਖ ਮਨ ਨੂੰ ਹੋਰ ਉੱਤੇ ਉੱਠਣ ਵਾਸਤੇ ਠੋਕਰ ਮਾਰੀ ਹੈ।**

*—ਭਾਈ ਜਸਵਿੰਦਰ ਸਿੰਘ, ਪਟਿਆਲਾ*

## - .ਫਕੀਰੀ ਕੀ ਹੈ? -

**.ਫ : .ਫਨਾਹ ਭਾਵ ਆਪਣੀ ਹਉਮੈ ਨੂੰ ਮਾਰਨਾ**

**ਕ : ਕਿਨਾਰਾ ਭਾਵ ਕਿਸੇ ਵੀ ਦੁਨਿਆਵੀ ਵਿਅਕਤੀ ਜਾਂ ਵਸਤੂ ਨਾਲ ਮੋਹ ਨਹੀਂ ਪਾਉਣਾ।**

**ਰ : ਰਹਿਮਦਿਲ ਭਾਵ ਕੋਈ ਵੀ ਬੁਰਾ-ਭਲਾ ਕਹੇ ਤਾਂ ਮਨ ਵਿੱਚ ਉਸ ਪ੍ਰਤੀ ਵਾਹਿਗੁਰੂ ਅੱਗੇ ਅਰਦਾਸ ਕਰਨੀ ਅਤੇ ਗੁੱਸਾ ਨਹੀਂ ਕਰਨਾ।**

*—ਭਾਈ ਰਮਿੰਦਰ ਸਿੰਘ*

ਸਾਰੀ ਜ਼ਿੰਦਗੀ ਗੱਲਾਂ ਮਾਰ ਕੇ ਹੀ ਨਾ ਬੀਤ ਜਾਵੇ ਜੇ ਚਾਅ ਹੈ ਕਿਸੇ ਪ੍ਰਾਪਤੀ ਦਾ ਤਾਂ ਅੰਦਰੋਂ ਪੜ੍ਹ ਕੇ ਵਿਚਾਰੋ ਮੈਂ ਕਿੱਥੇ ਹਾਂ?

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ ਦੇ ਦਰਗਾਹੀ ਬਚਨ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-*

*ਸੰਗ੍ਰਹਿ ਕਰਤਾ -ਸੰਪਾਦਕ*

**316** ਸੇਵਾ ਤੇ ਸਿਮਰਨ ਰੱਜ ਕੇ ਕਰੋ ਪਰ ਗੁਰੂ ਦੇ ਲਾਲੇ ਗੋਲੇ ਬਣ ਕੇ ਕਰੋ।

**317** ਜਿਹੜਾ ਹਰ ਕੰਮ ਗੁਰੂ ਦਾ ਗੋਲਾ ਬਣ ਕੇ ਕਰੇ, ਹਰ ਕੰਮ ਦੀ ਵਡਿਆਈ ਗੁਰੂ ਨੂੰ ਦੇਵੇ, ਗੋਲਾ ਬਣ ਕੇ ਸੰਸਾਰ ਤੇ ਵਿਚਰੇ, ਇਸ ਸੰਸਾਰ ਵਿੱਚ ਉਹ ਜੀਵ ਸਭ ਤੋਂ ਉੱਚਾ ਹੈ।

**318** ਪੁੰਨ, ਦਾਨ, ਕਰਮ, ਧਰਮ ਰੱਜ ਕੇ ਕਰੋ ਪਰ ਕਰਨ ਤੋਂ ਬਾਅਦ ਸਾਰੀ ਵਡਿਆਈ ਗੁਰੂ ਨੂੰ ਦਿਓ ਆਪਣੇ ਤੇ ਨਾ ਲਓ।

*—ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ*

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

***ਲੜੀ ਜੋੜਨ ਲਈ 160 ਅੰਕ ਦੇਖੋ ਜੀ-***

ਸ਼ੇਰ ਸਿੰਘ ਬੜੇ ਧਿਆਨ ਨਾਲ ਸੁਣ ਰਿਹਾ ਸੀ। ਹਰਦਿੱਤ ਸਿੰਘ ਦੀਆਂ ਦੱਸੀਆਂ ਗੱਲਾਂ ਤੋਂ ਬਹੁਤ ਪ੍ਰਭਾਵਿਤ ਜਾਪ ਰਿਹਾ ਸੀ। ਇਸ ਤੋਂ ਪਹਿਲਾਂ ਉਹ ਕੁਝ ਹੋਰ ਪੁੱਛਦਾ, ਰੇਲ ਗੱਡੀ ਜਗਰਾਓਂ ਸਟੇਸ਼ਨ ਤੇ ਪੁੱਜ ਚੁੱਕੀ ਸੀ। ਖੈਰ! ਅਜੇ ਉਨ੍ਹਾਂ ਨੇ ਪੰਜ ਕਿਲੋਮੀਟਰ ਦੀ ਦੂਰੀ ਹੋਰ ਤੈਅ ਕਰਨੀ ਸੀ। ਗੱਲਾਂ ਕਰਦੇ ਤੁਰ ਪਏ।

ਜਦ ਪਹੁੰਚੇ ਤਾਂ ਪਤਾ ਲੱਗਾ ਕਿ ਬਾਬਾ ਜੀ ਦੀ ਸਿਹਤ ਕੁਝ ਠੀਕ ਨਹੀਂ ਹੈ। ਪਰਸ਼ਾਦਾ ਪਾਣੀ ਛਕਿਆ। ਸਿਆਲ ਦੀ ਰੁੱਤ ਸੀ। ਰਾਤਾਂ ਵੱਡੀਆਂ ਤੇ ਦਿਨ ਛੋਟੇ। ਥੋੜ੍ਹੇ ਹੀ ਚਿਰ ਬਾਅਦ ਦਿਨ ਧਰਤੀ ਦੇ ਦੂਸਰੇ ਪਾਸੇ ਜਾਣ ਲਈ ਕਾਹਲਾ ਪੈ ਗਿਆ। ਸ਼ਾਮ ਹੋ ਗਈ। ਰੋਜ਼ ਅਨੁਸਾਰ ਸ਼ਾਮ ਦਾ ਦੀਵਾਨ ਸਜ ਗਿਆ ਸੀ। ਹਰਦਿੱਤ ਸਿੰਘ ਹੋਰੀਂ ਵੀ ਦੀਵਾਨ ਵਿੱਚ ਬੈਠ ਕੇ ਕਥਾ ਅਤੇ ਫਿਰ ਕੀਰਤਨ ਸਰਵਨ ਕਰਨ ਲੱਗੇ। ਸਮੇਂ ਅਨੁਸਾਰ ਬਾਬਾ ਜੀ ਬਚਨ ਕਰਨ ਲੱਗੇ ਤਾਂ ਸ਼ੇਰ ਸਿੰਘ ਨੂੰ ਨਵਾਂ ਪ੍ਰੇਮੀ ਦੇਖ ਕੇ ਉਸ ਬਾਰੇ ਪੁੱਛਿਆ। ਇਸ ਤੋਂ ਪਹਿਲਾਂ ਕਿ ਕੋਈ ਦੱਸਦਾ ਉਸਨੇ ਖੜ੍ਹੇ ਹੋ ਕੇ ਬਾਬਾ ਜੀ ਨੂੰ ਪੁੱਛਿਆ, "ਬਾਬਾ ਜੀ, ਇਹ ਭਾਈ ਸਾਹਿਬ ਦੱਸਦੇ ਸੀ, ਤੁਸੀਂ ਬਿਮਾਰ ਹੋ... ਹੁਣ ਤਬੀਅਤ ਕੈਸੀ ਏ?"

"ਭਾਈ, ਕੀ ਤੂੰ ਕੋਈ ਦਵਾਈ ਲਿਆਇਆ ਐਂ? ਬਾਬਾ ਜੀ ਨੇ ਬਚਨ ਕੀਤਾ, "ਸਾਡਾ ਹਾਲ ਤਾਂ ਭਾਈ...

***ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥***
***ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥੨॥***
***(ਅੰਗ ੬੫੯)***

ਸ਼ੇਰ ਸਿੰਘ ਹੈਰਾਨ ਰਹਿ ਗਿਆ। ਉਸਨੂੰ ਐਸੇ ਜਵਾਬ ਦੀ ਆਸ ਹੀ ਨਹੀਂ ਸੀ। ਹੱਥ ਜੋੜ ਕੇ ਬੋਲਿਆ, "ਬਾਬਾ ਜੀ ਦਾਸ ਤਾਂ ਆਪ ਔਗੁਣਾਂ ਦਾ ਭਰਿਆ ਏ। ਦਾਸ ਤਾਂ ਆਪ ਰੋਗੀ ਏ, ਦਵਾ ਲੈਣ ਆਇਆ ਏ।"

"ਜੇ ਭਾਈ ਰੋਗੀ ਦੂਜੇ ਦੇ ਰੋਗ ਪੁੱਛਦਾ ਫਿਰੇ, ਉਹ ਠੀਕ ਕਿਵੇਂ ਹੋਵੇਗਾ।" ਬਾਬਾ ਜੀ ਨੇ ਬਚਨ ਕੀਤਾ, "ਇਹਨਾਂ ਰੋਗਾਂ ਦਾ ਵੈਦ ਤਾਂ ਭਾਈ ਹੋਰ ਕੋਈ ਨਹੀਂ ਹੋ ਸਕਦਾ :

***ਸਤਿਗੁਰ ਬਾਝਹੁ ਵੈਦੁ ਨ ਕੋਈ ॥***
***ਆਪੇ ਆਪਿ ਨਿਰੰਜਨੁ ਸੋਈ ॥***
***(ਅੰਗ ੧੦੧੬)***

ਸਮੇਂ ਅਨੁਸਾਰ ਦੀਵਾਨ ਦੀ ਸਮਾਪਤੀ ਹੋ ਗਈ। ਸ਼ੇਰ ਸਿੰਘ ਦੇ ਮਨ ਵਿੱਚ ਅਜੇ ਵੀ ਬਾਬਾ ਜੀ ਦੇ ਕਹੇ ਬਚਨਾਂ ਦੀ ਵੀਚਾਰ ਚੱਲ ਰਹੀ ਸੀ। ਸੋਚ ਰਿਹਾ ਸੀ ਜਿਸ ਅਵਸਥਾ ਦੇ ਮਾਲਕ ਬਾਬਾ ਜੀ ਹਨ, ਜੋ ਉਹਨਾਂ ਬਾਰੇ ਸੁਣਿਆ ਅਤੇ ਦੇਖਿਆ ਸੀ, ਇੰਨੇ ਵੱਡੇ ਮਹਾਂਪੁਰਖ ਹੋ ਕੇ ਵੀ ਇੰਨੀ ਨਿਮਰਤਾ ਦਰਸਾਂਦੇ ਨੇ। ਉਸਨੂੰ ਜਿਸ ਅਵਸਥਾ ਵਾਲੇ ਮਹਾਂਪੁਰਖਾਂ ਦੇ ਦਰਸ਼ਨਾਂ ਦੀ ਇੱਛਾ ਸੀ, ਬਾਬਾ ਜੀ

ਉਸੇ ਅਵਸਥਾ ਦੇ ਮਾਲਕ ਹਨ। ਕਿੰਨਾ ਹੀ ਚਿਰ ਸੋਚਾਂ-ਵਿਚਾਰਾਂ ਕਰਦਾ ਉਹ ਕਦੋਂ ਸੌਂ ਗਿਆ, ਪਤਾ ਹੀ ਨਾ ਲੱਗਾ। ਨੀਂਦ ਜਦ ਤਕ ਨਹੀਂ ਆਉਂਦੀ ਪਤਾ ਹੁੰਦਾ ਹੈ, ਪਰ ਕਦ ਆ ਜਾਂਦੀ ਹੈ, ਪਤਾ ਹੀ ਨਹੀਂ ਲੱਗਦਾ। ਮੌਤ ਦੀ ਆਮਦ ਤੇ ਵੀ ਇਹੋ ਗੱਲ ਢੁੱਕਦੀ ਹੈ।

ਅਗਲੇ ਦਿਨ ਸ਼ੇਰ ਸਿੰਘ ਨੇ ਬਾਬਾ ਜੀ ਨੂੰ ਬੇਨਤੀ ਕੀਤੀ, "ਬਾਬਾ ਜੀ ਨਾਮ ਦੀ ਦਾਤ ਬਖਸ਼ੋ।" "ਤੂੰ ਭਾਈ ਅੰਮ੍ਰਿਤ ਛਕ ਲੈ। ਨਾਮ ਪੰਜਾਂ ਪਿਆਰਿਆਂ ਪਾਸੋਂ ਮਿਲ ਜਾਵੇਗਾ।" ਬਾਬਾ ਜੀ ਨੇ ਬਚਨ ਕੀਤਾ।

ਇੱਕ ਦੋ ਦਿਨ ਰਹਿ ਕੇ ਸ਼ੇਰ ਸਿੰਘ ਕਰਾਚੀ ਮੁੜ ਗਿਆ। ਜਾਣ ਤੋਂ ਪਹਿਲਾਂ ਉਸਨੇ ਬਾਬਾ ਜੀ ਪਾਸ ਆਪਣੇ ਘਰ ਪਾਠ ਕਰਾਉਣ ਦੀ ਇੱਛਾ ਜ਼ਾਹਿਰ ਕੀਤੀ। ਬਾਬਾ ਜੀ ਨੇ ਪਾਠ ਕਰਾਉਣ ਦਾ ਬਚਨ ਕੀਤਾ। ਘਰ ਜਾ ਕੇ ਉਸਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਪ੍ਰਕਾਸ਼ ਕਰਾ ਦਿੱਤੇ। ਕੁਝ ਸਮੇਂ ਬਾਅਦ ਅੰਮ੍ਰਿਤ ਵੀ ਛਕ ਲਿਆ। ਨਿਤਨੇਮ ਵੀ ਕਰਦਾ, ਪਾਠ ਵੀ ਕਰਾਉਂਦਾ। ਇੱਕ ਪਾਠ ਦਾ ਭੋਗ ਪੈਂਦਾ ਹੈ ਤਾਂ ਫਿਰ ਦੂਸਰੇ ਪਾਠ ਦੀ ਆਰੰਭਤਾ ਕਰਾ ਦਿੰਦਾ।

ਖਾਲਸੇ ਦਾ ਜਨਮ ਦਿਹਾੜਾ ਆ ਰਿਹਾ ਸੀ। ਜਨਮ ਦੋ ਤਰ੍ਹਾਂ ਦੇ ਹੋਇਆ ਕਰਦੇ ਨੇ- ਇੱਕ ਹੈ ਸਰੀਰ ਕਰਕੇ ਜਨਮ ਲੈਣਾ। ਪਤਾ ਨਹੀਂ ਪ੍ਰਾਣੀ ਕਿੰਨੀ ਵਾਰ ਜਨਮ ਲੈਂਦਾ ਹੈ। ਜੰਮਦਾ ਹੈ ਮਰ ਜਾਂਦਾ ਹੈ, ਮਰ ਜਾਂਦਾ ਹੈ, ਫਿਰ ਜਨਮ ਲੈਂਦਾ ਹੈ। ਜਿਸ ਤਰ੍ਹਾਂ ਕੋਈ ਗੱਡੀ ਬਹੁਤ ਤੇਜ਼ ਗਤੀ 'ਤੇ ਜਾ ਰਹੀ ਹੋਵੇ, ਉਸ ਦੇ ਪਹੀਏ ਘੁੰਮਦੇ ਹਨ। ਤੇਜ਼ੀ ਨਾਲ ਘੁੰਮਦੇ ਹਨ। ਪਤਾ ਨਹੀਂ ਕਿੰਨੇ ਕੁ ਗੇੜੇ ਲਾ ਲੈਂਦੇ ਹਨ। ਇਸੇ ਤਰ੍ਹਾਂ ਪ੍ਰਾਣੀ ਵੀ ਚੁਰਾਸੀ ਦੇ ਗੇੜੇ ਕੱਢਦਾ ਰਹਿੰਦਾ ਹੈ। ਜਨਮ ਲੈਂਦਾ ਹੈ, ਕਰਮ ਕਰਦਾ ਹੈ, ਕਰਮ ਭੋਗਣ ਲਈ ਫਿਰ ਜਨਮ ਲੈਂਦਾ ਹੈ। ਭਾਵੇਂ ਮੰਦੇ ਕਰਮ ਕੀਤੇ ਭਾਵੇਂ ਚੰਗੇ, ਭੋਗਣ ਲਈ ਜਨਮ ਲੈਣਾ ਪੈਂਦਾ ਹੈ। ਮੰਦਾ ਕਰਮ ਕਰਦਾ ਹੈ ਤਾਂ ਮੰਦੇ ਫਲ ਭੋਗਦਾ ਹੈ। ਚੰਗੇ ਕਰਮ ਕਰਦਾ ਹੈ ਤਾਂ ਚੰਗੇ ਫਲ ਭੋਗਦਾ ਹੈ। ਇਹ ਚੱਕਰ ਤਦ ਤੱਕ ਨਹੀਂ ਮਿਟਦਾ, ਜਦ ਤਕ ਮਨੁੱਖਾ ਜਨਮ ਵਿੱਚ ਹੁੰਦਿਆਂ ਦੂਸਰਾ ਜਨਮ ਨਾ ਲੈ ਲਵੇ। ਇਹ ਜਨਮ ਹੈ ਗੁਰੂ ਵਾਲਾ ਬਣਨਾ। ਗੁਰੂ ਨੂੰ ਆਪਾ ਅਰਪਣ ਕੀਤਿਆਂ ਹੀ ਇਸ ਗੇੜ ਤੋਂ ਛੁਟਕਾਰਾ ਮਿਲਦਾ ਹੈ ਤੇ ਲੇਖਾ ਪਾਟ ਜਾਂਦਾ ਹੈ।

ਵਿਸਾਖੀ ਵਾਲੇ ਦਿਨ ਕਲਗੀਧਰ ਪਾਤਸ਼ਾਹ ਨੇ ਕਲਯੁਗੀ ਜੀਵਾਂ 'ਤੇ ਤਰਸ ਕਰਕੇ ਖਾਲਸਾ ਪੰਥ ਸਾਜਿਆ। ਉਹ ਪੰਥ ਜਿਸ 'ਤੇ ਚਲ ਕੇ ਮਰਨ ਪਿੱਛੋਂ ਨਹੀਂ, ਜਿਉਂਦਿਆਂ ਹੀ ਜੀਵਨ ਮੁਕਤੀ ਪ੍ਰਾਪਤ ਹੁੰਦੀ ਹੈ, ਸ਼ਰਤ ਇਹ ਹੈ ਕਿ ਪੰਥ, ਭਾਵ ਇਸ ਸੱਚ ਦੇ ਰਾਹ ਤੋਂ ਆਸੇ-ਪਾਸੇ ਨਾ ਜਾਵੇ।

ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਬਾਬਾ ਜੀ ਦਮਦਮਾ ਸਾਹਿਬ ਮਨਾਇਆ ਕਰਦੇ ਸਨ। ਇਸ ਵਾਰ ਵੀ ਹਮੇਸ਼ਾਂ ਦੀ ਤਰ੍ਹਾਂ ਵਿਸਾਖੀ ਮਨਾਉਣ ਲਈ ਆਪ ਜੀ ਨੇ ਦਮਦਮਾ ਸਾਹਿਬ ਚਾਲੇ ਪਾ ਦਿੱਤੇ।

*-ਚਲਦਾ*

***

**ਅਦਾਰਾ ਸਿਫਤਿ ਸਾਲਾਹ**
**ਵੱਲੋਂ**
**ਸਮੂਹ ਸੰਗਤਾਂ ਨੂੰ**
**ਹੋਲੇ ਮੱਹਲੇ ਅਤੇ ਵਿਸਾਖੀ**
**ਦੀਆਂ ਲੱਖ-ਲੱਖ ਵਧਾਈਆਂ ਜੀ!**

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ **"400 ਸਾਲ ਗੁਰ ਇਤਿਹਾਸ ਦੇ ਨਾਲ"** ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

**58. ਪ੍ਰ: ਚਾਚਾ ਫੱਗੂ ਮੱਲ ਜੀ ਕੌਣ ਸਨ?**

ਉ: ਫੱਗੂ ਮੱਲ ਜੀ ਗੁਰੂ ਘਰ ਦੇ ਅਨਿੰਨ ਸਿੱਖ ਹੋਏ ਹਨ, ਜਿਨ੍ਹਾਂ ਨੂੰ ਤੀਜੇ ਪਾਤਸ਼ਾਹ ਜੀ ਨੇ ਫਗਵਾੜੇ ਤੋਂ ਸਿੱਖੀ ਦੇ ਪ੍ਰਚਾਰ ਲਈ ਮਸੰਦ ਬਣਾ ਕੇ ਸਸਰਾਮ ਵਿਖੇ ਭੇਜਿਆ ਸੀ। ਇਹ ਸਸਰਾਮ ਨਗਰ ਵਾਰਾਨਸੀ ਤੋਂ ਪਟਨਾ ਸਾਹਿਬ ਜਾਂਦਿਆਂ ਰਸਤੇ ਵਿੱਚ ਆਉਂਦਾ ਹੈ। ਸਸਰਾਮ ਆ ਕੇ ਫੱਗੂ ਮੱਲ ਜੀ ਨੇ ਨਿਵਾਸ ਕਰ ਲਿਆ ਤੇ ਇੱਥੇ ਪੂਰੇ ਚਾਅ ਨਾਲ ਸਿੱਖੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

ਫੱਗੂ ਮੱਲ ਜੀ ਦੇ ਜੀਵਨ ਦੀ ਇੱਕ ਬਹੁਤ ਹੀ ਪਿਆਰੀ ਘਟਨਾ ਹੈ। ਗੁਰੂ ਸਾਹਿਬ ਵੱਲੋਂ ਬਖਸ਼ੀ ਸੇਵਾ ਵਜੋਂ ਇਹ ਸਾਰੇ ਇਲਾਕੇ ਵਿੱਚੋਂ ਦਸਵੰਧ ਇਕੱਠਾ ਕਰਦੇ ਸਨ। ਇੱਕ ਦਿਨ ਫੱਗੂ ਮੱਲ ਜੀ ਨੇ ਇੱਕ ਬੀਬੀ ਦੇ ਘਰ ਦਾ ਬੂਹਾ ਖੜਕਾਇਆ। ਉਸ ਬੀਬੀ ਨੂੰ ਘਰ ਵਿੱਚ ਝਗੜਾ ਹੋਣ ਕਰਕੇ ਗੁੱਸਾ ਚੜ੍ਹਿਆ ਹੋਇਆ ਸੀ। ਜਦੋਂ ਫੱਗੂ ਮੱਲ ਜੀ ਨੇ ਦਸਵੰਧ ਭੇਟਾ ਲਈ ਬੇਨਤੀ ਕੀਤੀ ਤੇ ਗੁੱਸੇ ਦੀ ਮਾਰੀ ਉਸ ਬੀਬੀ ਨੇ ਫੱਗੂ ਮੱਲ ਜੀ ਨੂੰ ਘਰ ਵਿੱਚ ਜਿਹੜਾ ਥੋੜ੍ਹਾ ਜਿਹਾ ਕੂੜੇ ਦਾ ਢੇਰ ਇਕੱਠਾ ਕੀਤਾ ਸੀ, ਉਹ ਹੀ ਫੜਾ ਦਿੱਤਾ। ਫੱਗੂ ਮੱਲ ਜੀ ਨੇ ਉਸ ਨੂੰ ਘਰ ਲਿਆ ਅਰਦਾਸ ਕਰਕੇ ਜਦੋਂ ਫਰੋਲਿਆ ਤੇ ਉਸ ਵਿੱਚੋਂ ਬੇਰ ਦੀ ਇੱਕ ਗਿਟਕ ਨਿਕਲੀ ਜਿਹੜੀ ਉਨ੍ਹਾਂ ਨੇ ਆਪਣੇ ਘਰ ਬੀਜ ਦਿੱਤੀ। ਬਾਅਦ ਵਿੱਚ ਫਿਰ ਇਹ ਬੇਰੀ ਦਾ ਦਰੱਖਤ ਬਣਿਆ ਜਿਹੜਾ ਅੱਜ ਵੀ ਸੁਭਾਇਮਾਨ ਹੈ। ਗੁਰੂ ਸਾਹਿਬ ਜੀ ਇਨ੍ਹਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਇਨ੍ਹਾਂ ਦੇ ਘਰ ਆਪਣੇ ਪਾਵਨ ਚਰਨ ਪਾਏ ਤੇ ਅੰਦਰ ਵੜਦਿਆਂ ਹੀ ਚਾਚਾ ਕਹਿ ਕੇ ਸੰਬੋਧਿਤ ਕੀਤਾ। ਉਸ ਦਿਨ ਤੋਂ ਬਾਅਦ ਲੋਕ ਇਨ੍ਹਾਂ ਨੂੰ ਚਾਚਾ ਫੱਗੂ ਮੱਲ ਜੀ ਕਹਿਣ ਲੱਗੇ ਪਏ।

ਇੱਕ ਦਿਨ ਇਨ੍ਹਾਂ ਦੇ ਘਰ ਦੀਵਾਨ ਵਿੱਚ ਜਦੋਂ ਚਾਚਾ ਫੱਗੂ ਮੱਲ ਜੀ ਨੇ ਇਕੱਠੀ ਕੀਤੀ ਹੋਈ ਕਾਰ ਭੇਟਾ ਗੁਰੂ ਸਾਹਿਬ ਦੇ ਚਰਨਾਂ ਵਿੱਚ ਰੱਖੀ ਤੇ ਸਤਿਗੁਰੂ ਜੀ ਕਹਿਣ ਲੱਗੇ, ਪੂਰੀ ਕਾਰ ਭੇਟਾ ਸਾਡੇ ਤੱਕ ਨਹੀਂ ਪਹੁੰਚੀ। ਬੜੀ ਨਿਮਰਤਾ ਵਿੱਚ ਚਾਚਾ ਫੱਗੂ ਮੱਲ ਜੀ ਨੇ ਬੇਨਤੀ ਕੀਤੀ ਕਿ ਸਾਰੀ ਕਾਰ ਭੇਟਾ ਹਾਜ਼ਰ ਹੈ ਤੇ ਸਤਿਗੁਰੂ ਜੀ ਕਹਿਣ ਲੱਗੇ, ਇੱਕ ਬੀਬੀ ਦੇ ਘਰੋਂ ਕਾਰ ਭੇਟਾ ਮਿਲੀ, ਉਹ ਕਿੱਥੇ ਹੈ? ਫਿਰ ਗੁਰੂ ਸਾਹਿਬ ਦੇ ਹੁਕਮ ਕਰਨ ਤੇ ਚਾਚਾ ਫੱਗੂ ਮਲ ਜੀ ਨੇ ਸੰਗਤ ਵਿੱਚ ਉਹ ਸਾਰੀ ਵਿੱਥਿਆ ਸੁਣਾਈ ਤੇ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਸਾਡਾ ਸਿੱਖ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਜਿਸ ਦਰਵਾਜ਼ੇ ਵਿੱਚੋਂ ਲੰਘ ਕੇ ਗੁਰੂ ਸਾਹਿਬ ਜੀ ਨੇ ਗ੍ਰਹਿ ਪ੍ਰਵੇਸ਼ ਕੀਤਾ ਤੇ ਜਿਸ ਚੌਂਕੀ ਤੇ ਗੁਰੂ ਸਾਹਿਬ

ਬੈਠ ਕੇ ਇਸ਼ਨਾਨ ਕਰਦੇ ਸਨ, ਇਹ ਅੱਜ ਵੀ ਉੱਥੇ ਸੁਭਾਇਮਾਨ ਹੈ।

ਚਾਚਾ ਫੱਗੂ ਮੱਲ ਜੀ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਤੋਂ ਬਾਅਦ ਐਸੇ ਗੁਰੂ ਘਰ ਦੇ ਸਿੱਖ ਹੋਏ ਹਨ ਜਿਨ੍ਹਾਂ ਨੂੰ ਛੇ ਪਾਤਸ਼ਾਹੀਆਂ ਦੇ ਦਰਸ਼ਨ ਕਰਨ ਦਾ ਮਾਣ ਪ੍ਰਾਪਤ ਹੋਇਆ। ਸਸਰਾਮ ਇਲਾਕਾ ਬਿਹਾਰ ਰਾਜ ਵਿੱਚ ਰੋਹਤਾਸ ਜ਼ਿਲ੍ਹੇ ਵਿੱਚ ਪੈਂਦਾ ਹੈ। ਪਟਨਾ ਸਾਹਿਬ ਤੋਂ ਇਹ ਤਕਰੀਬਨ 150 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।

***

**59. ਪ੍ਰ: ਮਲੂਕਾ ਕੌਣ ਸੀ ਤੇ ਇਹ ਕਿਹੜੇ ਗੁਰੂ ਸਾਹਿਬ ਸਮੇਂ ਹੋਇਆ ਹੈ?**

ਉ: ਖਡੂਰ ਸਾਹਿਬ ਵਿਖੇ ਇੱਕ ਜਵਾਹਰ ਲਾਲ ਨਾਮੀਂ ਚੌਧਰੀ ਰਹਿੰਦਾ ਸੀ। ਬਹੁਤ ਜ਼ਿਆਦਾ ਸ਼ਰਾਬ ਪੀਣ ਕਰਕੇ ਲੋਕ ਇਸ ਨੂੰ ਮਲੂਕਾ ਸ਼ਰਾਬੀ ਕਹਿੰਦੇ ਸੀ। ਇਹ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਸਮੇਂ ਹੋਇਆ ਹੈ।

ਜਦ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸੋਭਾ ਦੂਰ ਦੂਰ ਤੱਕ ਹੋਣ ਲੱਗੀ ਅਤੇ ਵੱਡੇ ਵੱਡੇ ਪਤਵੰਤੇ ਅਤੇ ਸੰਤ ਮਹਾਤਮਾ ਉਨ੍ਹਾਂ ਦੇ ਦਰਬਾਰ ਵਿੱਚ ਆਉਣ ਲੱਗੇ ਤਾਂ ਇਹ ਬਹੁਤ ਈਰਖਾ ਕਰਨ ਲੱਗਾ। ਮਲੂਕਾ ਨਿੱਤ ਗੁਰੂ ਦੀਆਂ ਸੰਗਤਾਂ ਨੂੰ ਤੰਗ ਕਰਨ ਲੱਗਾ। ਕਈ ਵਾਰ ਸ਼ਰਾਬ ਪੀ ਕੇ ਉਹ ਸ਼ਰਧਾਲੂਆਂ ਨੂੰ ਗਾਲ੍ਹਾਂ ਵੀ ਕੱਢਦਾ।

ਜਦ ਸਿੱਖ ਗੁਰੂ ਜੀ ਪਾਸ ਸ਼ਿਕਾਇਤ ਕਰਦੇ ਤਾਂ ਗੁਰੂ ਸਾਹਿਬ ਆਖਦੇ, "ਰੱਬ ਦੀ ਰਜ਼ਾ ਵਿੱਚ ਰਹਿਣਾ ਸਿੱਖੋ", ਜੇ ਕੋਈ ਮਾੜਾ ਕਰਮ ਕਰਦਾ ਹੈ ਤਾਂ ਸਾਨੂੰ ਵੀ ਮਾੜੇ ਨਹੀਂ ਹੋ ਜਾਣਾ ਚਾਹੀਦਾ। ਜਿਸ ਤਰ੍ਹਾਂ ਕੋਈ ਕਰਮ ਕਰਦਾ ਹੈ ਉਸ ਤਰ੍ਹਾਂ ਦਾ ਹੀ ਫਲ ਪਾ ਲੈਂਦਾ ਹੈ। ਤੁਸੀਂ ਉਸ ਦੀਆਂ ਗੱਲਾਂ ਵੱਲ ਧਿਆਨ ਨਾ ਦੇਵੋ।

ਕੁਝ ਸਮੇਂ ਬਾਅਦ ਜ਼ਿਆਦਾ ਸ਼ਰਾਬ ਪੀਣ ਕਾਰਨ ਮਲੂਕੇ ਨੂੰ ਮਿਰਗੀ ਪੈਣ ਲੱਗ ਗਈ। ਮਲੂਕੇ ਨੂੰ ਇਸ ਰੋਗ ਨੇ ਬਹੁਤ ਦੁਖੀ ਕੀਤਾ। ਪਿੰਡ ਦੇ ਲੋਕਾਂ ਨੇ ਉਸ ਨੂੰ ਸਮਝਾਇਆ ਕਿ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਰੱਬੀ ਜੋਤ ਹਨ, ਤੁਸੀਂ ਉਨ੍ਹਾਂ ਦੀ ਨਿੰਦਿਆ ਕਰਦੇ ਰਹੇ ਹੋ, ਇਸ ਲਈ ਤੁਹਾਨੂੰ ਇਸ ਰੋਗ ਨੇ ਘੇਰ ਲਿਆ ਹੈ ਪਰ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਸਦਾ ਦਿਆਲੂ ਹਨ। ਅੰਮ੍ਰਿਤ ਵੇਲੇ ਉਹ ਜਿਸ ਨੂੰ ਤੱਕ ਲੈਣ ਉਸਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ ਅਤੇ ਜਿਹੜਾ ਉਨ੍ਹਾਂ ਦੇ ਚਰਨੀਂ ਜਾ ਲੱਗੇ ਉਸ ਦਾ ਬੇੜਾ ਪਾਰ ਹੋ ਜਾਂਦਾ ਹੈ।

ਲੋਕਾਂ ਦੇ ਸਮਝਾਉਣ ਉੱਤੇ ਮਲੂਕਾ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਗਿਆ। ਉਸ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਆਪਣੀ ਬੀਮਾਰੀ ਬਾਰੇ। ਗੁਰੂ ਸਾਹਿਬ ਜੀ ਨੇ ਤਰਸ ਦੇ ਘਰ ਵਿੱਚ ਆ ਕੇ ਕਿਹਾ, ਚੌਧਰੀ ਜੀ! ਹੁਣ ਸ਼ਰਾਬ ਛੱਡ ਦੇਵੋ, ਮਿਰਗੀ ਉਸੇ ਦਿਨ ਤੋਂ ਹੱਟ ਜਾਵੇਗੀ।

ਮਲੂਕੇ ਨੇ ਗੁਰੂ ਸਾਹਿਬ ਦਾ ਬਚਨ ਮੰਨ ਲਿਆ ਅਤੇ ਸ਼ਰਾਬ ਛੱਡ ਦਿੱਤੀ। ਅਗਲੇ ਦਿਨ ਤੋਂ ਹੀ ਮਿਰਗੀ ਪੈਣੀ ਬੰਦ ਹੋ ਗਈ ਅਤੇ ਮਲੂਕਾ ਅਰੋਗ ਹੋ ਗਿਆ।

ਹੁਣ ਉਹ ਗੁਰੂ ਸਾਹਿਬ ਦੇ ਸਿੱਖਾਂ ਨੂੰ ਗਾਲ੍ਹਾਂ ਕੱਢਣ ਦੀ ਬਜਾਏ ਉਨ੍ਹਾਂ ਦੀ ਸੇਵਾ ਕਰਦਾ ਪਰ ਜਦ ਇੱਕ ਜੋਗੀ ਨੇ ਵੇਖਿਆ ਕਿ ਮਲੂਕਾ ਤਾਂ ਗੁਰੂ ਦਾ ਸਿੱਖ ਹੀ ਬਣ ਗਿਆ ਹੈ ਤਾਂ ਉਸ ਮਲੂਕੇ ਨੂੰ ਕਿਹਾ, 'ਚੌਧਰੀ! ਸ਼ਰਾਬ ਦਾ ਮਿਰਗੀ ਨਾਲ ਕੋਈ ਸੰਬੰਧ ਨਹੀਂ, ਅਸੀਂ ਜੋਗੀ ਹਰ ਰੋਗ ਬਾਰੇ ਜਾਣਦੇ ਹਾਂ ਅਤੇ ਉਸਦੇ ਇਲਾਜ ਦਾ ਵੀ ਸਾਨੂੰ ਗਿਆਨ ਹੈ। ਤੁਸੀਂ ਇਸ ਇਲਾਕੇ ਦੇ ਚੌਧਰੀ ਹੋ, ਖਾਣਾ-ਪੀਣਾ ਤਾਂ ਤੁਹਾਡਾ ਹੱਕ ਹੈ, ਇਸ ਲਈ ਸ਼ਰਾਬ ਪੀਓ, ਮਾਸ ਖਾਓ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਉਸ ਜੋਗੀ ਨੇ ਇਹ ਵੀ ਕਿਹਾ ਕਿ ਗੁਰੂ ਜੀ ਤੇਰਾ ਕੀ

ਵਿਗਾੜ ਲੈਣਗੇ।

ਮਲੂਕਾ ਜੋਗੀ ਦੀਆਂ ਗੱਲਾਂ ਵਿੱਚ ਆ ਗਿਆ ਤੇ ਅਗਲੇ ਦਿਨ ਉਸਨੇ ਫਿਰ ਸ਼ਰਾਬ ਪੀ ਲਈ। ਉਹ ਸ਼ਰਾਬ ਉਸ ਨੂੰ ਇੰਨੀ ਚੜ੍ਹੀ ਕਿ ਉਹ ਘੁੰਮਣ ਘੇਰੀਆਂ ਖਾਂਦਾ, ਕੋਠੇ ਤੋਂ ਥੱਲੇ ਡਿੱਗ ਕੇ ਮਰ ਗਿਆ।

ਜਦ ਗੁਰੂ ਸਾਹਿਬ ਨੂੰ ਉਸ ਦੀ ਮੌਤ ਦਾ ਪਤਾ ਲੱਗਾ ਤਾਂ ਉਨ੍ਹਾਂ ਸਾਰੀ ਸੰਗਤ ਨੂੰ ਅਲਾਹਣੀਆਂ ਦਾ ਪਾਠ ਕਰਨ ਨੂੰ ਕਿਹਾ ਤਾਂ ਕਿ ਕੋਈ ਸਿੱਖ ਭੈੜੀ ਵਾਦੀ ਅਤੇ ਭੈੜੀ ਸੰਗਤ ਨਾ ਗ੍ਰਹਿਣ ਕਰੇ। ਸਾਰੇ ਲੋਕ ਸਮਝ ਗਏ ਸਨ ਕਿ ਸਤਿਗੁਰਾਂ ਦਾ ਜੋ ਬਚਨ ਨਹੀਂ ਮੰਨਦਾ, ਉਸ ਦਾ ਇਹੋ ਹਾਲ ਹੁੰਦਾ ਹੈ।

ਗੁਰੂ ਸਾਹਿਬ ਨੇ ਸਤਿਸੰਗ ਵਿੱਚ ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਬਚਨ ਕੀਤਾ, "ਸਾਨੂੰ ਨਸ਼ਿਆਂ ਤੋਂ ਬਚਣਾ ਚਾਹੀਦਾ ਹੈ। ਕਿਸੇ ਪ੍ਰਕਾਰ ਦਾ ਨਸ਼ਾ ਵੀ ਠੀਕ ਨਹੀਂ ਹੈ। ਸਤਿਗੁਰੂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ ਹੈ:

***ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥***
***ਜਿਤੁ ਖਾਧੈ ਤਨੁ ਪੀੜੀਐ***
***ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥***

*(ਅੰਗ ੧੬)*

ਸਾਨੂੰ ਅਜਿਹੇ ਪਦਾਰਥ ਦਾ ਸੇਵਨ ਨਹੀਂ ਕਰਨਾ ਚਾਹੀਦਾ ਜਿਸ ਨਾਲ ਸਾਡਾ ਸਰੀਰ ਵੀ ਦੁਖੀ ਹੋਵੇ ਅਤੇ ਮਨ ਵਿੱਚ ਕਈ ਪ੍ਰਕਾਰ ਦੇ ਭੈੜੇ ਵਿਕਾਰ ਪੈਦਾ ਹੋਣ।

***

**60. ਪ੍ਰ: ਭਾਈ ਪਾਰੋ ਜੁਲਕਾ ਜੀ ਨੂੰ ਪਰਮ ਹੰਸ ਦੀ ਪਦਵੀ ਕਿਹੜੇ ਸਤਿਗੁਰੂ ਜੀ ਨੇ ਤੇ ਕਿਉਂ ਬਖਸ਼ੀ?**

ਉ: ਭਾਈ ਪਾਰੋ ਜੁਲਕਾ ਜੀ ਨੂੰ ਪਰਮ ਹੰਸ ਦੀ ਪਦਵੀਂ ਤੀਜੇ ਪਾਤਸ਼ਾਹ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਬਖਸ਼ੀ ਸੀ।

ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਬਹੁਤ ਸ਼ਰਧਾਵਾਨ ਸਿੱਖ ਹੋਏ ਹਨ, ਅਜਿਹੇ ਸਿੱਖਾਂ ਵਿੱਚੋਂ ਇੱਕ ਭਾਈ ਪਾਰੋ ਜੁਲਕਾ ਜੀ ਵੀ ਬੜੇ ਸਿਦਕੀ ਤੇ ਸ਼ਰਧਾਵਾਨ ਸਿੱਖ ਹੋਏ ਹਨ। ਇਹ ਪਿੰਡ ਡੱਲਾ ਜ਼ਿਲ੍ਹਾ ਕਪੂਰਥਲਾ ਦੇ ਰਹਿਣ ਵਾਲੇ ਸਨ। ਪਿੰਡ ਡੱਲੇ ਤੋਂ ਗੋਇੰਦਵਾਲ ਲਈ ਉਹ ਰੋਜ਼ ਦਰਿਆ ਬਿਆਸ ਪਾਰ ਕਰਕੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ।

ਇੱਕ ਦਿਨ ਜਦ ਉਹ ਦਰਿਆ ਬਿਆਸ ਦੇ ਕੰਢੇ ਤੇ ਪਹੁੰਚੇ ਤਾਂ ਦਰਿਆ ਵਿੱਚ ਹੜ੍ਹ ਆਇਆ ਹੋਇਆ ਸੀ। ਪਾਣੀ ਬੜੀ ਭਿਆਨਕ ਰੌਅ ਵਿੱਚ ਚੱਲ ਰਿਹਾ ਸੀ। ਉਸ ਸਮੇਂ ਦਰਿਆ ਦੇ ਕੰਢੇ ਜਲੰਧਰ ਦਾ ਹਾਕਮ ਅਬਦੁੱਲਾ ਆਪਣੀਆਂ ਫੌਜਾਂ ਲੈ ਕੇ ਬੈਠਾ ਸੀ ਅਤੇ ਇਹੋ ਇੰਤਜ਼ਾਰ ਕਰ ਰਿਹਾ ਸੀ ਕਿ ਕਦ ਦਰਿਆ ਦਾ ਪਾਣੀ ਘਟੇ ਤਾਂ ਉਹ ਦਰਿਆ ਬਿਆਸ ਨੂੰ ਪਾਰ ਕਰਕੇ ਅੱਗੇ ਵਧੇ।

ਪਰ ਉਸਨੇ ਦੇਖਿਆ ਕਿ ਭਾਈ ਪਾਰੋ ਜੁਲਕਾ ਜੀ ਘੋੜੇ ਤੇ ਚੜ੍ਹੇ ਹੋਏ ਆਏ ਤੇ ਹੜ੍ਹ ਦੀ ਪ੍ਰਵਾਹ ਨਾ ਕਰਦੇ ਹੋਏ ਪਾਰ ਹੋ ਲੰਘ ਗਏ। ਹਾਕਮ ਅਬਦੁੱਲਾ ਇਹ ਅਦਭੁਤ ਨਜ਼ਾਰਾ ਦੇਖਦਾ ਹੀ ਰਹਿ ਗਿਆ। ਸਾਰਾ ਦਿਨ ਬੀਤ ਗਿਆ, ਪਰ ਦਰਿਆ ਦਾ ਪਾਣੀ ਥੱਲੇ ਨਾ ਉਤਰਿਆ ਅਤੇ ਅਬਦੁੱਲਾ ਦਾ ਫੌਜਾਂ ਨੂੰ ਪਾਰ ਲੰਘਾਉਣ ਦਾ ਹੌਂਸਲਾ ਨਾ ਪਿਆ। ਜਦ ਸ਼ਾਮ ਹੋਈ ਤਾਂ ਭਾਈ ਪਾਰੋ ਜੁਲਕਾ ਜੀ ਦਰਿਆ ਪਾਰ ਕਰਕੇ ਵਾਪਸ ਫਿਰ ਉੱਥੇ ਪਹੁੰਚ ਗਏ। ਜਿੱਥੇ ਅਬਦੁੱਲਾ ਆਪਣੀ ਫੌਜ ਨਾਲ ਬੈਠਾ ਇੰਤਜ਼ਾਰ ਕਰ ਰਿਹਾ ਸੀ। ਜਦ ਹਾਕਮ ਅਬਦੁੱਲਾ ਨੇ ਭਾਈ ਪਾਰੋ ਜੁਲਕਾ ਜੀ ਨੂੰ ਵਾਪਸ ਆਉਂਦਿਆਂ ਵੇਖਿਆ ਤਾਂ ਉਸਨੂੰ ਆਪਣੇ ਪਾਸ ਬੁਲਾਇਆ, "ਤੇਰਾ ਮੁਰਸ਼ਦ ਕੌਣ ਹੈ ਜਿਸ ਦਾ ਨਾਮ ਲੈ ਕੇ ਦਰਿਆ ਦੇ ਹੜ੍ਹ ਨੂੰ ਨਜ਼ਰਅੰਦਾਜ਼ ਕਰਦਾ ਹੋਇਆ ਦਰਿਆ ਪਾਰ ਕਰ

ਗਿਆ ਅਤੇ ਫਿਰ ਨੌਂ ਬਰ ਨੌਂ ਵਾਪਸ ਆ ਗਿਆ ਹੈਂ। ਤੇਰੇ ਮਨ ਵਿੱਚ ਕੋਈ ਖੌਫ ਜਾਂ ਭੈਅ ਨਹੀਂ ਆਇਆ।

ਭਾਈ ਪਾਰੋ ਜੁਲਕਾ ਜੀ ਨੇ ਉੱਤਰ ਦਿੱਤਾ, "ਮੇਰੇ ਮੁਰਸ਼ਦ ਧੰਨ ਸ੍ਰੀ ਗੁਰੂ ਅਮਰਦਾਸ ਜੀ ਹਨ। ਉਹ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਤੇ ਬਿਰਾਜਮਾਨ ਹਨ। ਮੀਂਹ ਹੋਵੇ, ਹਨ੍ਹੇਰੀ ਹੋਵੇ, ਰੋਜ਼ ਗੁਰੂ ਸਾਹਿਬ ਕਿਰਪਾ ਕਰਕੇ ਆਪੇ ਲੈ ਜਾਂਦੇ ਹਨ ਦਰਸ਼ਨਾਂ ਨੂੰ। ਉਨ੍ਹਾਂ ਦਾ ਧਿਆਨ ਧਰਨ ਨਾਲ ਸਭ ਡਰ, ਖੌਫ ਦੂਰ ਹੋ ਜਾਂਦੇ ਹਨ। ਉਨ੍ਹਾਂ ਦੀ ਗੁਰਬਾਣੀ ਦਾ ਪਾਠ ਕਰਦਿਆਂ ਮੈਨੂੰ ਪਤਾ ਹੀ ਨਹੀਂ ਲੱਗਦਾ ਕਿ ਕਿਹੜੇ ਵੇਲੇ ਮੈਂ ਦਰਿਆ ਪਾਰ ਕਰ ਜਾਂਦਾ ਹਾਂ।

ਹਾਕਮ ਅਬਦੁੱਲਾ ਵਿੱਚੋਂ ਹਾਕਮੀ ਜਾਂਦੀ ਰਹੀ ਅਤੇ ਉਹ ਬੜੀ ਨਿਮਰਤਾ ਨਾਲ ਬੋਲਿਆ ਕਿ ਮੈਂ ਤੁਹਾਡੇ ਗੁਰੂ ਜੀ ਦੇ ਦਰਸ਼ਨ ਕਰ ਸਕਦਾ ਹਾਂ। ਭਾਈ ਪਾਰੋ ਜੁਲਕਾ ਜੀ ਨੇ ਕਿਹਾ ਕਿ ਉਹ ਇਸ ਹਾਲਤ ਵਿੱਚ ਉਨ੍ਹਾਂ ਨੂੰ ਨਹੀਂ ਮਿਲ ਸਕਦੇ, ਪਹਿਲਾਂ ਤੁਹਾਨੂੰ ਫੌਜ ਦਾ ਤਿਆਗ ਕਰਨਾ ਪਵੇਗਾ, ਫਿਰ ਤੁਸੀਂ ਇਕੱਲੇ ਹੀ ਗੁਰੂ ਸਾਹਿਬ ਦੇ ਦਰਸ਼ਨ ਕਰ ਸਕੋਗੇ। ਅਬਦੁੱਲੇ ਨੇ ਉਸੇ ਵੇਲੇ ਆਪਣੀ ਫੌਜ ਦੀ ਕਮਾਂਡ ਆਪਣੇ ਪੁੱਤਰ ਨੂੰ ਸੌਂਪ ਦਿੱਤੀ ਅਤੇ ਆਪ ਇੱਕ ਘੋੜੇ ਤੇ ਚੜ੍ਹ ਕੇ ਭਾਈ ਪਾਰੋ ਜੁਲਕਾ ਜੀ ਵਾਂਗ ਬੇਖੌਫ ਹੋ ਕੇ ਦਰਿਆ ਵਿੱਚ ਉਤਰ ਪਿਆ।

ਭਾਈ ਪਾਰੋ ਜੁਲਕਾ ਜੀ ਦੇ ਨਾਲ ਆ ਕੇ ਉਸ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਦਰਸ਼ਨ ਕਰਕੇ ਇੰਨਾ ਨਿਹਾਲ ਹੋਇਆ ਕਿ ਗੁਰੂ ਸਾਹਿਬ ਦਾ ਹੀ ਹੋ ਕੇ ਰਹਿ ਗਿਆ। ਸ੍ਰੀ ਗੋਇੰਦਵਾਲ ਸਾਹਿਬ ਰਹਿ ਕੇ ਗੁਰੂ ਸਾਹਿਬ ਦੀ ਸੇਵਾ ਵਿੱਚ ਰੁਝ ਗਿਆ ਤੇ ਹਰ ਵੇਲੇ ਅੱਲਾ ਅੱਲਾ ਕਰਦਾ ਰਹਿੰਦਾ। ਉਸਦਾ ਅੱਲਾ ਨਾਲ ਇੰਨਾ ਪਿਆਰ ਵੇਖ ਕੇ ਲੋਕਾਂ ਨੇ ਉਸ ਦਾ ਨਾਂ ਹੀ ਅੱਲਾਯਾਰ ਰੱਖ ਦਿੱਤਾ ਤੇ ਇਹ ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਦਾ ਪਾਤਰ ਬਣਿਆ। ਭਾਈ ਪਾਰੋ ਜੁਲਕਾ ਜੀ ਦੀ ਕਰਨੀ ਵੇਖ ਕੇ ਗੁਰੂ ਸਾਹਿਬ ਨੇ ਉਨਾਂ ਨੂੰ "ਪਰਮ ਹੰਸ" ਦੀ ਪਦਵੀ ਬਖਸ਼ੀ।

***

---

*ਪੰਨਾ 19 ਦਾ ਬਾਕੀ ਹਿੱਸਾ—*

ਸੇਠ ਅਤੇ ਉਸਦੇ ਸਾਥੀ ਬਾਹਰ ਆਏ ਤਾਂ ਕਾਰ ਵਿੱਚ ਬੈਠ ਕੇ ਭਗਤ ਸਿੰਘ ਨੂੰ ਚੱਲਣ ਲਈ ਕਿਹਾ। ਗੱਡੀ ਵਿੱਚ ਸੇਠ ਨੇ ਕਿਹਾ, "ਲੈ ਦੱਸ ਸੰਤ ਜੀ ਰੁਕਣ ਲਈ ਕਹਿ ਰਹੇ ਸਨ। ਉਨ੍ਹਾਂ ਦਾ ਖਿਆਲ ਹੋਵੇਗਾ ਚੰਗਾ ਚੜ੍ਹਾਵਾ ਲਵਾਂਗੇ।" ਭਗਤ ਸਿੰਘ ਨੇ ਰੋਕਣਾ ਚਾਹਿਆ ਪਰ ਸੇਠ ਨਾ ਹਟਿਆ। ਉਸਦੇ ਸਾਥੀ ਵੀ ਹਾਮੀ ਭਰ ਰਹੇ ਸਨ। ਉੱਪਰੋਂ ਸੇਠ ਕਾਰ ਤੇਜ਼ ਚਲਾਉਣ ਲਈ ਕਹਿ ਰਿਹਾ ਸੀ। ਅਜੇ ਕੁਝ ਦੂਰ ਹੀ ਗਏ ਸਨ ਕਿ ਕਾਰ ਬੇਕਾਬੂ ਹੋ ਕੇ ਨਹਿਰ ਵਿੱਚ ਜਾ ਪਈ। ਠੰਡ ਦੀ ਰੁੱਤ ਸੀ। ਇੱਕ ਤਾਂ ਕਾਰ ਪਾਣੀ ਵਿੱਚ ਜਾ ਡਿੱਗੀ, ਉੱਪਰੋਂ ਪਾਣੀ ਠਰਿਆ ਹੋਇਆ। ਸਾਰੇ ਬੇਹੋਸ਼ ਹੋ ਗਏ। ਸਭ ਨੂੰ ਬਾਹਰ ਕੱਢਿਆ ਗਿਆ। ਗਰਮ ਕੱਪੜੇ ਤੇ ਲਿਟਾ ਕੇ ਅੰਦਰ ਪਿਆ ਪਾਣੀ ਕੱਢਿਆ ਗਿਆ। ਬਾਬਾ ਕਿਸ਼ਨ ਸਿੰਘ ਜੀ ਵੀ ਆ ਗਏ। ਸਾਰਿਆਂ ਨੂੰ ਅਸਥਾਨ ਤੇ ਲਿਆਂਦਾ ਗਿਆ। ਸੁੱਕੇ ਬਸਤਰ ਦਿੱਤੇ ਗਏ। ਗਰਮ ਚਾਹ ਛਕਾਈ ਗਈ। ਸਿੰਘਾਂ ਨੇ ਬਲਦਾਂ ਨਾਲ ਕਾਰ ਨੂੰ ਰੱਸੇ ਪਾ ਕੇ ਕੱਢ ਲਿਆ। ਸੇਠ ਹੋਰਾਂ ਨੂੰ ਉੱਥੇ ਹੀ ਰੁਕਣਾ ਪਿਆ। ਬੜੇ ਸ਼ਰਮਿੰਦੇ ਹੋਣ।

ਅਗਲੇ ਦਿਨ ਮਹਾਂਪੁਰਖਾਂ ਦੇ ਦਰਸ਼ਨ ਕੀਤੇ ਤਾਂ ਆਪ ਜੀ ਨੇ ਬਚਨ ਕੀਤਾ, "ਸੇਠ ਜੀ ! ਸੰਗਤਾਂ ਦੇ ਦਰਸ਼ਨ ਕਰਕੇ ਸੂਲੀ ਦੀ ਸੂਲ ਹੋ ਗਈ। ਕੱਲ ਬਚਨ ਮੰਨ ਲੈਂਦੇ ਤਾਂ ਸੂਲ ਵੀ ਮਿਟ ਜਾਣੀ ਸੀ।

***

# मन कैसे बेचना है और इन्द्रियों पर कंट्रोल कैसे करना है?

## परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

*–जसविन्द्र सिंघ (पटियाला)*

***गुर कै ग्रिहि सेवकु जो रहै।।***

*(अंग २८६)*

साध संगत जी, गुरु साहिब की गोद में बैठे हो, ऐसी भावना से बैठो कि मन एक के आगे बेचना है जैसे धन्य धन्य श्री गुरु अंगद देव जी महाराज ने हमें तरीका सिखाया है, धन्य धन्य श्री गुरु नानक देव जी महाराज के आगे मन बेचने का। मन बेचने वाले गुरु घर के पहले सिक्ख हुए हैं– भाई लहणा जी (श्री गुरु अंगद देव जी महाराज) जिन्होंने बता दिया जगत को कि श्री गुरु नानक देव जी महाराज कौन हैं?

गुरु प्यारो, हम सब के शरीर में आँखों की इन्द्रियाँ भी हैं, अन्य भी हैं पर दो चीजों का बहुत ख्याल रखा करो। इन दो चीजों की हमारे शरीर में बहुत बड़ी भूमिका है। एक है रसना और दूसरा है मन। इनकी बहुत बड़ी भूमिका है। अब कोई बहू संगत में बैठी हो और अपने घर जाकर रसना पर जरा सा कंट्रोल कर ले और जब कोई गलती हो जाए और अपनी गलती मानकर इतना ही कह दे कि माफ कर दो, गलती हो गई और कई–कई सालों की दीवारें भी गिर जाती हैं। रसना का इतना बड़ा स्थान है। आप चाहो तो इस रसना से दीवारें बना लो, चाहो तो संबंध खराब कर लो, चाहो तो इसी रसना से टूटों को जोड़ लो। रसना की बहुत बड़ी भूमिका है।

यह ध्यान देना कि क्रोध कहाँ से प्रगट होता है? **बाबा जी का वचन है कि यह क्रोध शरीर में से रसना द्वारा प्रगट होता है। कभी भी नोट कर सकते हो।** यत्न करो कि अधिक से अधिक इन दोनों इन्द्रियों पर कंट्रोल रखा जाए।

यह ऐतिहासिक गवाही है धन्य श्री गुरु अमरदास जी ने कहा था कि बच्ची भानी! मैं विवाह में तुझे कौन–सा दहेज दूँ? क्योंकि जो चीज भी देता हूँ, नाशवान है और फिर कहने लगे कि पुत्री! यह तीन 'भभे' दहेज में दे रहा हूँ, यह संभाल कर रखना और तेरा लोक भी सुखी हो जाएगा और परलोक भी। बीबी भानी जी जिनका इतिहास में बहुत बड़ा दर्जा है। बीबी भानी जी जिनके पिता भी गुरु, पति भी

गुरु, पुत्र भी गुरु और पोता भी गुरु। पिता भी गुरु– धन्य श्री गुरु अमरदास जी, पति भी गुरु– धन्य श्री गुरु रामदास जी, पुत्र भी गुरु– धन्य श्री गुरु अर्जुन देव जी, पोता भी गुरु– धन्य श्री गुरु हरिगोबिंद साहिब जी आगे पड़पोता भी गुरु– धन्य श्री गुरु तेग बहादुर साहिब जी और आगे पड़पोते के सुपुत्र भी गुरु– धन्य श्री गुरु गोबिंद सिंघ जी महाराज।



धन्य धन्य श्री गुरु अंगद देव जी महाराज

सो बीबी भानी जी कहने लगे, अपने पिता गुरु जी को कि तीन 'भभे' कौन से? सतिगुरु जी, मैं मतलब नहीं समझी। धन्य श्री गुरु अमरदास जी महाराज कहने लगे, ये तीन 'भभे' दहेज में देने को चित करता है, संभाल कर रखना। सतिगुरु जी इनका मतलब भी समझाओ। धन्य श्री गुरु अमरदास जी कहने लगे, बच्ची भानी! ये तीन 'भभे' दहेज में साथ लेकर जाना। पहला भभा– 'भ' भूल गई जी। दूसरा भभा– 'भ' भला जी और तीसरा भभा 'भ' भाणा जी। ध्यान देना संगत जी, दो भभों का संबंध रसना से है। हे बच्ची भानी! यदि घर में कोई बातचीत हो जाए तो ज्यादा बहस में मत पड़ना। यह कह देना 'भ' भूल गई जी। इस रसना में इतना 'भ' संभाल कर रखोगे तो घर स्वर्ग है। दूसरे का ताल्लुक भी रसना से है। यदि घर में कोई शरीर कह दे कि यह काम करना है और वह काम योग्य न हो, चित न करे करने को तो जवाब मत देना और मौका संभाल कर कहना भला जी। तीसरे 'भ' का ताल्लुक रसना से नहीं, मानने से है– 'भ' भाणा जी। दास ने ऐतिहासिक गवाही आपको बताई है, क्योंकि धन्य श्री गुरु अमरदास जी ने तीन 'भभे' बच्ची (बीबी) भानी जी को दिए। दो भभों का संबंध रसना से है। सारी संगत यह प्रण करो कि रसना की इन्द्रिय पर कंट्रोल करना है।

यह रसना फिर घर में मिठास घोले, समाज में भी मिठास घोले, गुरुद्वारे में भी मिठास घोले और फिर धीरे–धीरे जहाँ–जहाँ डयूटी ले, वहाँ–वहाँ भी मिठास ही बांटे। यदि कठिन लगे तो घबरा मत जाना। सात–सात दिनों का स्वयं पर बैन लगा लिया करो कि सात दिन क्रोध से नहीं बोलना, तीन दिन क्रोध से नहीं बोलना। इस तरह स्वयं पर बैन लगाओ फिर धीरे–धीरे चल पड़ोगे। रसना की इन्द्रिय का बहुत बड़ा




ताल्लुक है। रसना में से निकला हुआ एक गलत बोल एक सैकण्ड में आपके घर को नरक बना सकता है। रसना में से निकला हुआ मीठा बोल एक सैकण्ड में आपके घर को स्वर्ग बना सकता है। चाहे थोड़े दिनों का स्वयं पर बैन लगा लिया करो। फिर चल पड़ोगे।

दास को एक बात याद आ गई। एक रेलगाड़ी के टीटी ने एक रसाले में अपनी आप–बीती लिखी थी। दास ने पढ़ी, आपको बताने जा रहा हूँ। उस टीटी ने लिखा कि एक दिन मैं रेलगाड़ी में टिकट चैक कर रहा था और रेलगाड़ी में उस समय हिन्दू धर्म के संत लीला शाह जी रेलगाड़ी में सफर कर रहे थे। 10–12 सेवक भी उनके साथ थे।

बड़ा इलाही नूर था उनके चेहरे पर। वह टीटी कहता है कि मैं उनको जानता नहीं था। उनके सेवक को पूछ लिया तो सेवक ने बताया कि यह संत लीला शाह जी हैं। मैंने स्वाभाविक ही उनको कह दिया– महापुरुषो! मुझ पर भी कृपा करो, मुझे भी आशीष दो, पर वह चुप रहे, कुछ न बोले। फिर जब मैंने अपनी बात 2–3 बार कही तो वह कहने लगे– आशीष फ्री में नहीं मिलती, कीमत लगती है। यदि तुम प्रभु के घर से आशीष लेना चाहते हो तो हमें यह दाम दो कि मैं आज से क्रोध नहीं करुँगा। वह टीटी लिखता है कि मैंने हाथ खड़े कर दिए। मैंने कहा आशीष देनी है तो दे दो, अन्यथा मत दो पर मैं क्रोध नहीं छोड़ सकता।

यहाँ एक बात याद रखना, जो पूर्ण महापुरुष होता है, वह जब यह देखता है कि सौदा नहीं बिक रहा तो मूल्य कम कर देता है। क्योंकि उनका काम होता है जगत को सन्मार्ग लगाना। संत जी ने कहा– हम तुम्हें छूट दे देते हैं। टीटी ने कहा कि छूट, वह कैसे? संत जी ने कहा कि यदि तुम हमेशा के लिए क्रोध नहीं छोड़ सकते तो 7 दिनों के लिए छोड़ दो। जब उन्होंने यह बात कही तो टीटी ने कहा कि मैंने मन में सोचा कि 7 दिन तो काट ही लेंगे, जैसे–तैसे। जब मैंने संत जी का वचन मानकर स्वीकृति दी तो उन्होंने प्रसन्न होकर मेरे सिर

पर हाथ रखा और मुझे आशीष भी दी। अब संत जी तो रेलगाड़ी से उतर कर अपने टिकाने चले गए और उस टीटी ने स्वयं पर क्रोध छोड़ने का बैन लगाया था, उसका तीसरा दिन था। वह अपनी डयूटी मुताबिक रेलगाड़ी में यात्रियों की टिकटें चैक कर रहा था। रात को कोई 10 बजे का समय था, ऊपर वाली सीट पर एक यात्री सो रहा था। टीटी ने उसको हिलाकर टिकट चैक करवाने के लिए कहा तो वह यात्री जिसका अपनी रसना पर नियंत्रण नहीं था, टीटी को क्रोध में आकर कहने लगा, जब दिल करता है, मुँह उठाकर आ जाते हो टिकट चैक करने, सुबह का थका अभी सोया ही था कि आकर उठा दिया है। कोई समय नहीं आपका भी टिकट चैक करने का, यह भी नहीं देखते कि व्यक्ति सोया हुआ है और थोड़ा रुक कर टिकट चैक कर लूँ।

वह टीटी मन में सोचने लगा कि मैं टिकट चैकर हूँ। मेरी मर्जी है, मैं कभी भी टिकट चैक कर सकता हूँ। मेरा इतनी सारी सवारियों के सामने अपशब्द बोलकर अपमान किया है। वह कहता है कि मैं क्रोध से जवाब देने ही लगा था यात्री को कि महापुरुषों को दिया वचन याद आ गया कि मैंने 7 दिन क्रोध नहीं करना और अभी तो तीसरा दिन ही है। यह याद आते ही पूरी कोशिश करके मैंने क्रोध को पी लिया और अपनी रसना पर काबू किया। यात्री को मैंने कहा कि मैंने आपकी नींद खराब की है, मुझे माफ कर दो। आप जब कहोगे मैं उस समय आकर आपकी टिकट चैक कर लूँगा। यह लफ्ज सुनते ही उस व्यक्ति का भी गुस्सा उतर गया। वह तुरंत अपनी सीट से उतर कर नीचे आया और कहने लगा, मैंने नींद में पता नहीं आपको क्या कुछ बोल दिया है, माफी तो मुझे माँगनी चाहिए आप से, उलटा आप मुझ से माफी माँग कर मुझे शर्मिन्दा कर रहे हो। आप यह मेरी टिकट अभी ही चैक कर सकते हो। टीटी उसकी टिकट चैक करके आगे जाने लगा तो उस यात्री ने टीटी की बांह पकड़कर अपने पास बिठा लिया और कहा, आप अपनी टिकटें चैक करने की डयूटी निभा लो, फिर हम इकट्ठे भोजन करेंगे। मैं आपकी बातचीत के ढंग से इतना प्रभावित हुआ हूँ कि आज से मैं आपको अपना मित्र बनाता हूँ।

टीटी ने वार्ता लिखी कि हमने इकट्ठे बैठकर भोजन किया। मैंने अपना कार्ड–पता उसको दिया और उसने मुझे दिया। टीटी कहता है कि उस दिन मुझे ज्ञान हो गया कि एक रसना पर नियंत्रण करने से कैसे इकट्ठे भोजन कर रहे हैं, एक दूसरे को पता दे रहे हैं। यदि मैं एक मिनट यह नियंत्रण न करता तो कितना विवाद होना था। अब आप स्वयं ही अनुमान लगा लो कि यदि वह टीटी क्रोध में बोलता तो कितना बड़ा विवाद उत्पन्न हो जाना था और रसना पर रखे दो मिनट के नियंत्रण ने उनको सदा के लिए मित्र बना दिया। वह टीटी अब महापुरुषों के दिए वचन की कीमत को समझ गया और हमेशा के लिए यह गुण उसने अपने जीवन में धारण कर लिया और सोचा, महापुरुषो! अब 7 दिन नहीं हमेशा के लिए क्रोध छोड़ा। संगत जी यह आप सब ने गुण लेना है कि क्रोध रसना द्वारा प्रगट होता है। यदि इसका

त्याग तुरंत न भी हो तो धीरे–धीरे बैन लगाकर करना, पर करना जरुर।

बाकी मन का हमारे शरीर से बहुत बड़ा ताल्लुक है और मन के बारे में सतिगुरु जी ने बहुत बढ़िया रास्ता दिया है। श्री गुरु अर्जुन देव जी महाराज कहते हैं कि यह मन इतना चंचल है, चारों दिशाओं में भागता है, इस बारे एक काम कर लो। जो चीज तेरे वश में नहीं, जिस चीज का दर्जा बहुत बड़ा है, वह चीज अपने पास मत रखो, वह गुरु के पास बेच दो।

*मनु बेचै सतिगुर कै पासि॥*

*(अंग २८६)*

आज इस प्रचार की अति आवश्यकता है। दास की हाथ जोड़कर विनती है कि आदर सब का करो पर मन बेच दो अपने गुरु के आगे। आपको कहना भी न पड़े, अमृत पान करो। **बाबा नंद सिंघ जी, श्री गुरु अंगद देव जी महाराज की बड़ाई में वचन करते थे कि श्री गुरु अंगद देव जी महाराज हुक्म मानने का स्वरूप हुए हैं। कोई हुक्म श्री गुरु नानक देव जी महाराज ने किया, उस हुक्म का उल्लंघन नहीं किया। ऐसा मन बेचा।** अब अनेक शरीर होंगे जिनके घर दुख आ जाएं तो कई बार कदम चल पड़ते हैं, ऐसे बुद्धिमानों के द्वार की ओर तो समझ लेना अभी मन नहीं बेचा गुरु के आगे।

हे वाहिगुरु! ऐसी पढ़ाई दो कि दुःख भी तेरे चरणों में और सुख भी तेरे चरणों में। अपना आप अर्पण कर दो। श्री गुरु अंगद देव जी महाराज ने देखो कैसे अपना आप अर्पण कर दिया। जब श्री गुरु नानक देव जी महाराज ने श्री गुरु अंगद देव जी महाराज को गुरियाई की बख्शिश की तो कुछ समय बाद श्री गुरु अंगद देव जी महाराज के पास सिद्ध खडूर साहिब आए थे और उनके मन में आया कि चलो, श्री गुरु नानक देव जी महाराज की दूसरी ज्योति के दर्शन कर चलें। खडूर साहिब स्थान भी बना हुआ है। सिद्धों ने श्री गुरु अंगद देव जी के दर्शन किए, वार्तालाप हुई। उस समय सिद्धों ने यह भी पूछा कि हमने सुना है कि श्री गुरु नानक देव जी महाराज ने सारी उम्र किसी को माथा नहीं टेका पर आपको माथा टेका है। कितने बड़े होंगे श्री गुरु अंगद देव जी महाराज। जब गुरियाई प्रदान की तो श्री गुरु नानक देव जी महाराज ने नमस्कार भी की। सिद्ध कहने लगे कि श्री गुरु नानक देव जी महाराज ने आपको शीश झुकाया है, माथा टेका है, इस बारे बताओ। इतिहास में लिखा है कि उस वक्त कितने आंसू श्री गुरु अंगद देव जी महाराज की आँखों में से बहने लग गए, क्योंकि मन आवाज देता है कि यदि यह कहूँ कि श्री गुरु नानक देव जी महाराज ने मुझे माथा नहीं टेका तो झूठ है और यदि यह कहूँ कि माथा टेका तो अपनी बड़ाई है कि श्री गुरु नानक देव जी महाराज ने मुझे माथा टेका है। सिद्ध कहने लगे कि बोल नहीं रहे कि क्या आपको श्री गुरु नानक देव जी महाराज ने माथा टेका है। श्री गुरु अंगद देव जी महाराज ने सिद्धों को युक्ति से बड़ा सुंदर जवाब दिया। सिद्धो! यदि किसी माँ की गोद में पुत्र आया हो और माँ का दिल करे कि पुत्र को चूमना है, प्यार देना है तो माँ को थोड़ा–सा झुकना भी पड़ता है। श्री गुरु नानक देव जी महाराज ने तो हमें चूमा है, प्यार

किया है। इस वक्त जो वार्ता हुई, उसकी आज प्रचार करने की जरुरत है।

